
# ਨਾਲ਼ ਸੱਜਣ ਦੇ ਰਹੀਏ

ਅਫ਼ਜ਼ਲ ਸਾਹਿਰ



CC-0. Sohail Kazmi Collection, Jammu. Digitized

ਅਫ਼ਜ਼ਲ ਸਾਹਿਰ ਦੀ ਸ਼ਾਇਰੀ ਵਿਚ ਵੀ ਆਪਣੀ ਥਾਂ ਤੋਂ ਨਿਥਾਵੇਂ ਹੋਣ ਦਾ ਦਰਦ ਭਰਪੂਰ ਤੇ ਪੂਰੀ ਸ਼ਿੱਦਤ ਨਾਲ਼ ਮਿਲਦਾ ਹੈ। ਪੰਜਾਬੀ ਸ਼ਾਇਰੀ ਦੇ ਤ੍ਰਿੰਝਣ ਵਿਚ ਉਹਦੇ ਚਰਖੇ ਦੀ ਕੂਕ ਨਿਵੇਕਲੀ ਹੈ। ਉਸਨੇ ਜ਼ਿੰਦਗੀ ਦੇ ਸੱਚ ਨੂੰ ਆਪਣੀ ਸ਼ਾਇਰੀ ਦਾ ਹਿੱਸਾ ਬਣਾਇਆ ਹੈ। ਖ਼ਿਆਲਾਂ ਦੀ ਡੂੰਘਾਈ ਤੇ ਉੱਚੀ ਸੋਚ ਉਡਾਰੀ, ਕਾਵਿ ਕਲਾਤਮਿਕਤਾ ਉਸਦੀ ਸ਼ਾਇਰੀ ਦੀ ਖ਼ਾਸ ਪਛਾਣ ਹੈ।

ਅਫ਼ਜ਼ਲ ਸਾਹਿਰ ਨੇ ਆਪਣੇ ਇਸ ਕਾਵਿ-ਸੰਗ੍ਰਹਿ ਦਾ ਨਾਂ ਸ਼ਾਹ ਹੁਸੈਨ ਦੀ ਮਸ਼ਹੂਰ ਕਾਫੀ "ਰਹੀਏ ਨਾਲ਼ ਸੱਜਣ ਦੇ ਰਹੀਏ" ਵਿਚੋਂ ਰੱਖਿਆ ਹੈ। ਅਫ਼ਜ਼ਲ ਦੀ ਸ਼ਾਇਰੀ ਆਮ ਲੋਕਾਈ ਨਾਲ਼ ਆਪਣਾ ਨਿੱਘਾ ਰਿਸ਼ਤਾ ਜੋੜਦੀ ਹੈ। ਕਵੀ ਕਿਸੇ ਵੀ ਧਰਮ ਦਾ ਝੋਲਾ ਪਾ ਕੇ ਪੈਦਾ ਨਹੀਂ ਹੁੰਦਾ। ਉਹ ਆਪਣੀ ਜ਼ਾਤ ਵਿੱਚ ਇੱਕ ਅਜਿਹੇ ਮਜ਼ਬ ਦਾ ਨਿਰਮਾਣ ਕਰਦਾ ਹੈ, ਜਿਸ ਦੀ ਬੁਨਿਆਦ ਇਨਸਾਨੀਅਤ ਦੀ ਜ਼ਮੀਨ 'ਤੇ ਰੱਖੀ ਹੁੰਦੀ ਹੈ। ਸ਼ਾਇਰੀ ਜ਼ਖ਼ਮ ਨਾਲ਼ ਫੁਟਦੀ ਹੈ ਤੇ ਕਿਤੇ ਖ਼ੂਬਸੂਰਤ ਮੁਸਕਾਣ ਵਜੋਂ। ਸ਼ਾਇਰ ਉਸ ਵਿਚ ਸ਼ਬਦਾਂ ਦੀ ਜਾਦੂਗਰੀ ਨਾਲ਼ ਆਪਣੀ ਹੋਂਦ ਦਾ ਸਬੂਤ ਪੇਸ਼ ਕਰਦਾ ਹੈ।

ਅਫ਼ਜ਼ਲ ਸਾਹਿਰ ਕੋਲ ਸੱਚੀ ਤੇ ਸੁੱਚੀ ਸ਼ਾਇਰੀ ਦਾ ਇਕ ਭੰਡਾਰ ਪਸਰਿਆ ਪਿਆ ਹੈ। ਮੈਂ ਚਾਹੁੰਦਾ ਹਾਂ ਕਿ ਉਸਦਾ ਸਾਰਾ ਕਲਾਮ ਪੰਜਾਬੀਆਂ ਦੀ ਰੂਹ ਦੀ ਖ਼ੁਰਾਕ ਬਣਨ ਲਈ ਛੇਤੀ ਤੋਂ ਛੇਤੀ ਸਾਡੇ ਪਾਸੇ ਗੁਰਮੁਖੀ ਅੱਖਰਾਂ ਵਿੱਚ ਛੱਪੇ। ਮੈਂ ਅਫ਼ਜ਼ਲ ਸਾਹਿਰ ਦੇ ਇਸ ਪਹਿਲੇ ਪਰਾਗੇ "ਨਾਲ਼ ਸੱਜਣ ਦੇ ਰਹੀਏ" ਦਾ ਸਵਾਗਤ ਕਰਦਾ ਹਾਂ।

– *ਖ਼ਾਲਿਦ ਹੁਸੈਨ*

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

# ਨਾਲ਼ ਸੱਜਣ ਦੇ ਰਹੀਏ

CC-0. Sohail Kazmi Collection, Jammu. Digitized by eGangotri

ਰਹੀਏ ਵੋ... ਰਹੀਏ ਵੋ... ਨਾਲ਼ ਸੱਜਣ ਦੇ ਰਹੀਏ
ਲੱਖ ਲੱਖ ਬਦੀਆਂ, ਸੌ ਸੌ ਤਾਅਨੇ, ਸਭੇ ਸਿਰ ਤੇ ਸਹੀਏ
ਤੋੜੇ ਸਿਰ ਵੰਜੇ ਧੜ ਨਾਲ਼ੋਂ, ਤਾਂ ਭੀ ਹਾਲ ਨਾ ਕਹੀਏ
ਸੁਖ਼ਨ ਜਿਹਨਾਂ ਦਾ ਹੋਵੇ ਦਾਰੂ, ਹਾਲ ਉਥਾਈਂ ਕਹੀਏ
ਚੰਦਨ ਰੁੱਖ ਲੱਗਾ ਵਿਚ ਵਿਹੜੇ, ਜ਼ੋਰ ਧਗਾਨੇ ਖਹੀਏ
ਕਹੇ ਹੁਸੈਨ ਫ਼ਕੀਰ ਸਾਈਂ ਦਾ, ਜਿਉਂਦਿਆਂ ਈ ਮਰ ਰਹੀਏ
ਰਹੀਏ ਵੋ .. ਰਹੀਏ ਵੋ ... ਨਾਲ਼ ਸੱਜਣ ਦੇ ਰਹੀਏ

(ਸ਼ਾਹ ਹੁਸੈਨ)

CC-0. Sohail Kazmi Collection, Jammu. Digitized by eGangotri

# ਨਾਲ਼ ਸੱਜਣ ਦੇ ਰਹੀਏ

(ਪੰਜਾਬੀ ਸ਼ਾਇਰੀ)

ਅਫ਼ਜ਼ਲ ਸਾਹਿਰ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

CC-0. Sohail Kazmi Collection, Jammu. Digitized by eGangotri

# *Naal Sajjan De Rahiye*

***by***

**Afzal Saahir ©**
Program manager
FM-103, Regency Plaza,
mini market, M M Alam Road,Gulberg 2
**Lahore,54000 Punjab, Pakistan.**
Ph +92 3004816292
e-mail: saahir103@gmail.com,saahir103@yahoo.com

•

**ISBN : 978-93-5112-233-3**

**Rs. 150/-**

**2017**

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

CC-0. Sohail Kazmi Collection, Jammu. Digitized by eGangotri

# ਸਮਰਪਣ

ਜੰਮਣ ਵਾਲੀ ਮਾਂ
ਤੇ
ਜਲਪਰੀ
ਦੇ
ਨਾਂ

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

# ਤਤਕਰਾ

ਸ਼ਬਦਾਂ ਦਾ ਵਣਜਾਰਾ-ਅਫ਼ਜ਼ਲ ਸਾਹਿਰ *ਖ਼ਾਲਿਦ ਹੁਸੈਨ* ........................9

---

ਸੱਜਣ ........................................15
ਜਿੰਦੇ ਨੀ ............. .......................16
ਸੁਫ਼ਨੇ ਰਹਿ ਗਏ ਕੋਰੇ ........................................19
ਉਡੀਕ ........................................21
ਪਾਕਿਸਤਾਨ ........................................22
ਇਸ ਜੀਵਨ ਤੋਂ ਰੱਜੇ ........................................23
ਜਲ ਪਰੀ ........................................25
ਉੱਚਿਆਂ ਟਿੱਬਿਆਂ 'ਤੇ... ... ........................................26
ਵਾਹ ਜੀ ਵਾਹ ਕੀ ਬਣੀਆਂ (ਕਾਫ਼ੀ) ........................................28
ਖ਼ਿਆਲ ........................................29
ਪੀੜਾਂ ਵਿਕਣੇ ਆਈਆਂ ........................................30
ਮੈਂ ਜਾਣੂੰ ਅਨਜਾਣ (ਕਾਫ਼ੀ) ........................................32
ਚੇਤਰ ਰੰਗ ਨਰੋਏ ........................................34
ਰਚੀ ਏ ਖੇਡ ਅਵੱਲੀ ਜਿਹੀ (ਕਾਫ਼ੀ) ........................................36
ਨੀ ਅਲਬੇਲੀਏ ........................................37
ਸਾਂਝ ........................................39
ਜੀਵਨ ਕਿਹੜੇ ਕਾਰ ........................................40
ਅੰਮ੍ਰਿਤਾ ਪ੍ਰੀਤਮ ........................................41
ਬੋਲੀ ........................................42
ਆਪੋ ਆਪ... ........................................43
ਆ ਸੱਚੀਏ! ਰਲ਼ ਗੱਲਾਂ ਕਰੀਏ ........................................44
ਖ਼ਿਆਲ ........................................45
ਦੀਵਾ ਬਲੇ ਉਜਾੜੀਂ ........................................46
ਤ੍ਰੈਲੇ ........................................47
ਦੋਹਾ ........................................48
ਓ ਸਾਂਵਲ ........................................49
ਜਲ ਪਰੀ ਦੇ ਨਾਂ ........................................50
ਕਾਫ਼ੀ ........................................51



CC-0. Sohail Kazmi Collection, Jammu. Digitized by eGangotri

ਚੰਦਰੀ ਰੁੱਤ ਦਾ ਗੌਣ ....................................52
ਇਸ਼ਕ ....................................53
ਨਜ਼ਮ ....................................54
ਅੰਗ ਦਾ ਸੇਕ ਸਿਆਪਾ ਨਾਹੀਂ ....................................55
ਵੇਲੇ ਦੀ ਵਾਰ (1) ....................................56
ਆਪਣੇ ਮਲਬੇ ਹੇਠ ....................................58
ਸੱਜਣ ਯਾਰ ਉਡੀਕਦਾ ....................................59
ਲਾਰੈਂਸ ਬਾਗ਼ 'ਚ ਇੱਕ ਸ਼ਾਮੀਂ ....................................60
ਲੋਕ ....................................61
ਵਾਰਤਾ ....................................62
ਨਜ਼ਮ ....................................64
ਸ਼ਲੋਕ ....................................65
ਨਜ਼ਮ ....................................66
ਸ਼ਲੋਕ ....................................67
ਅੱਕ ਸਵਾਦੀ ਲੱਗੇ ....................................68
ਉਜੜੀ ਝੋਕ ਵਸਾ ....................................70
ਯਾਰ ਪ੍ਰਾਹੁਣੇ ....................................72
ਹੋਣੀਏਂ ਮਨ ਮੋਹਣੀਏਂ ....................................73
ਬਖ਼ਸ਼ੀਸ਼ ....................................76
ਸਾਵਣ ਮਾਹ ਤ੍ਰਿਹਾਏ ....................................77
ਧਰਤੀ ਨਾਲ਼ ਵਿਆਹੀ ....................................79
ਯਾਰਾਂ ਵਾਲੀ ਵਾਅ ....................................80
ਬੋਲੀ ....................................81
ਬੋਲੀ ....................................81
ਬੋਲੀ ਪੰਧ ਕਰੇਂਦੀ ਯਾਰ ....................................82
ਗੌਣ ....................................84
ਗੌਣ ....................................85
ਗੌਣ ....................................87
ਗੌਣ ....................................88
ਗ਼ਜ਼ਲ ....................................90
ਟੱਪੇ ....................................91
ਸ਼ਾਲਾ! ....................................93
ਕਰਨੀ ....................................94
ਜਿੰਦੜੀਏ ....................................95



CC-0. Sohail Kazmi Collection, Jammu. Digitized by eGangotri

## ਸ਼ਬਦਾਂ ਦਾ ਵਣਜਾਰਾ - ਅਫ਼ਜ਼ਲ ਸਾਹਿਰ

ਅਫ਼ਜ਼ਲ ਸਾਹਿਰ ਪੰਜਾਬੀ ਸ਼ਾਇਰੀ ਦਾ ਸਿਰਮੌਰ ਸ਼ਾਇਰ ਹੈ। ਉਸ ਦੀਆਂ ਨਜ਼ਮਾਂ ਤੇ ਗੀਤ ਹਕੀਕਤ ਪਸੰਦੀ ਦੀ ਧੁੱਪ-ਛਾਂ ਨਾਲ਼ ਸਜੀਆਂ ਹੋਈਆਂ ਨੇ। ਉਹਦੀ ਸ਼ਾਇਰੀ ਵਿਚ ਸੋਜ਼ ਤੇ ਦਰਦ ਦਾ ਅਹਿਸਾਸ ਲੋਕਾਈ ਦਾ ਸਾਂਝਾ ਦੁੱਖ ਹੋ ਨਿਬੜਦਾ ਹੈ। ਉਸਦੇ ਗੀਤਾਂ ਤੇ ਨਜ਼ਮਾਂ ਨੂੰ ਪੜ੍ਹਦਿਆਂ ਹੋਇਆਂ ਮੈਨੂੰ ਸ਼ਿਵ ਕੁਮਾਰ ਬਟਾਲਵੀ ਦਾ ਗੁਮਾਨ ਹੁੰਦਾ ਹੈ। ਠੇਠ ਤੇ ਨਰੋਲ ਪੰਜਾਬੀ ਸ਼ਬਦਾਵਲੀ, ਪੇਂਡੂ ਮੁਹਾਵਰੇ ਤੇ ਅਖ਼ਾਨ ਉਹਦੀ ਬਾਸ਼ਾ ਦੀਆਂ ਸਿਫ਼ਤਾਂ ਨੇ। ਉਸ ਦੀਆਂ ਕਵਿਤਾਵਾਂ ਚੰਗੀ ਸ਼ਾਇਰੀ ਦੇ ਆਸ਼ਕਾਂ ਦੇ ਦਿਲਾਂ ਨੂੰ ਰੌਸ਼ਨ ਕਰਦੀਆਂ ਹਨ ਤੇ ਸੁਣਨ ਵਾਲਿਆਂ ਦੀ ਰੂਹ ਦੀ ਭੁੱਖ ਮਿਟਾਉਂਦੀਆਂ ਹਨ। ਇਹੋ ਕਾਰਣ ਹੈ ਕਿ ਉਹਦੇ ਗੀਤ ਚਿਰਜੀਵੀ ਹਨ।

ਦੇਸ਼ ਦੀ ਵੰਡ ਨੇ ਪੰਜਾਬ ਦੇ ਸੀਨੇ ਨੂੰ ਲਹੂ ਲੁਹਾਨ ਕੀਤਾ ਤੇ ਇਸ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮੋਹਨ ਸਿੰਘ ਮਾਹਿਰ, ਕਰਤਾਰ ਸਿੰਘ ਦੁੱਗਲ, ਮੋਹਨ ਸਿੰਘ ਦੀਵਾਨਾ, ਅੰਮ੍ਰਿਤਾ ਪ੍ਰੀਤਮ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਉਪਿੰਦਰ ਨਾਥ ਅਸ਼ਕ ਆਦਿ ਵਰਗੇ ਹੀਰੇ ਮੋਤੀ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਤੇ ਦਿੱਲੀ ਤੀਕਰ ਵੰਡ ਦੇ ਸੇਕ ਨੂੰ ਹੰਢਾਉਣ ਲੱਗੇ ਤੇ ਇੰਝ ਹੀ ਮੁਨੀਰ ਨਿਆਜ਼ੀ, ਅਹਿਮਦ ਰਾਹੀ, ਸਾਹਿਰ ਲੁਧਿਆਣਵੀ, ਨਾਸਿਰ ਕਾਜ਼ਮੀ, ਸਾਅਦਤ ਹਸਨ ਮੰਟੋ ਆਦਿ ਵੀ ਆਪਣੇ ਹਿੱਸੇ ਦੀ ਵੰਡ ਦਾ ਸੇਕ ਲੈ ਕੇ ਲਹਿੰਦੇ ਪੰਜਾਬ ਵੱਲ ਚਲੇ ਗਏ ਅਤੇ ਆਪਣੀਆਂ ਰਚਨਾਵਾਂ ਵਿਚ ਇਸ ਦੁੱਖ ਨੂੰ ਪੂਰੀ ਤਰ੍ਹਾਂ ਅਭਿਵਿਅਕਤ ਕਰਦੇ ਰਹੇ।

ਅਫ਼ਜ਼ਲ ਸਾਹਿਰ ਦੇ ਮਾਪੇ ਵੀ ਵੰਡ ਦੇ ਛਾਂਟੇ ਖਾਂਦੇ ਹੋਏ, ਲਹਿੰਦੇ ਪੰਜਾਬ ਜਾ ਪੁੱਜੇ। ਅਫ਼ਜ਼ਲ ਸਾਹਿਰ ਦੇ ਪਿਤਾ ਦਾ ਨਾਂ ਹਾਜੀ ਖ਼ੁਸ਼ੀ ਮੁਹੰਮਦ ਮਲਿਕ ਸੀ ਜਿਹੜਾ ਜੱਬੇਵਾਲ ਪਿੰਡ ਦਾ ਵਾਸੀ ਸੀ, ਜੋ ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਲਪੁਰ ਨਾਲ਼ ਜੁੜਾ ਹੈ। ਇੰਝ ਹੀ ਅਫ਼ਜ਼ਲ ਸਾਹਿਰ ਦੀ ਮਾਤਾ ਬਸ਼ੀਰਾ ਬੀਬੀ ਸ਼ਾਮਚੁਰਾਸੀ (ਹੁਸ਼ਿਆਰਪੁਰ) ਦੇ ਪਿੰਡ ਜੰਡੀ ਦੀ ਰਹਿਣ ਵਾਲੀ ਸੀ ਤੇ ਮਰਦੇ ਦਮ ਤੀਕਰ ਦੋਵੇਂ ਆਪਣੇ ਪਿੰਡਾਂ ਤੇ ਉੱਥੇ ਦੇ ਯਾਰ ਬੇਲੀਆਂ ਤੇ ਸਹੇਲੀਆਂ ਨੂੰ ਯਾਦ ਕਰਦੇ ਰਹੇ, ਬਿਲਕੁਲ ਮੁਨੀਰ ਨਿਆਜ਼ੀ ਵਾਂਗਰ, ਜਿਸ ਨੇ ਆਪਣੀ ਸ਼ਾਇਰੀ



CC-0. Sohail Kazmi Collection, Jammu. Digitized by eGangotri

ਵਿਚ ਹੁਸ਼ਿਆਰਪੁਰ ਤੇ ਆਪਣੇ ਪਿੰਡ ਨੂੰ ਅਕਸਰ ਯਾਦ ਕੀਤਾ। ਦੇਸ਼ ਦੀ ਵੰਡ ਭਾਵੇਂ ਧਰਮ ਦੀ ਬੁਨਿਆਦ 'ਤੇ ਹੋਈ ਹੋਵੇਗੀ ਪਰ ਸੱਤਰ ਸਾਲ ਬੀਤਣ ਦੇ ਬਾਵਜੂਦ ਅੱਜ ਵੀ ਦੋਹਾਂ ਪੰਜਾਬਾਂ ਦੇ ਵਸਨੀਕਾਂ ਦੀ ਸਾਂਝੀ ਪਛਾਣ ਸੂਫ਼ੀਆਂ ਤੇ ਸੰਤਾਂ ਦਾ ਕਲਾਮ, ਲੋਕ-ਗੀਤ ਤੇ ਲੋਕ-ਸੰਗੀਤ ਅਤੇ ਸਭਿਆਚਾਰਕ ਸਾਂਝ ਇਕੋ ਸੋਮੇ 'ਚੋਂ ਨਿਕਲ ਕੇ ਪੰਜਾਬੀਅਤ ਵਿਚ ਸਮਾਉਂਦੇ ਹਨ।

ਅਫ਼ਜ਼ਲ ਸਾਹਿਰ ਦੀ ਸ਼ਾਇਰੀ ਵਿਚ ਵੀ ਆਪਣੀ ਥਾਂ ਤੋਂ ਨਿਥਾਵੇਂ ਹੋਣ ਦਾ ਦਰਦ ਭਰਪੂਰ ਤੇ ਪੂਰੀ ਸ਼ਿੱਦਤ ਨਾਲ਼ ਮਿਲਦਾ ਹੈ। ਪੰਜਾਬੀ ਸ਼ਾਇਰੀ ਦੇ ਤ੍ਰਿੰਝਣ ਵਿਚ ਉਹਦੇ ਚਰਖੇ ਦੀ ਕੂਕ ਨਿਵੇਕਲੀ ਹੈ। ਉਸਨੇ ਜ਼ਿੰਦਗੀ ਦੇ ਸੱਚ ਨੂੰ ਆਪਣੀ ਸ਼ਾਇਰੀ ਦਾ ਹਿਸਾ ਬਣਾਇਆ ਹੈ। ਖ਼ਿਆਲਾਂ ਦੀ ਡੂੰਘਾਈ ਤੇ ਉੱਚੀ ਸੋਚ ਉਡਾਰੀ, ਕਾਵਿ ਕਲਾਤਮਿਕਤਾ ਉਸਦੀ ਸ਼ਾਇਰੀ ਦੀ ਖ਼ਾਸ ਪਛਾਣ ਹੈ।

ਅੱਜ ਦੇ ਪਾਕਿਸਤਾਨੀ ਪੰਜਾਬੀ ਸ਼ਾਇਰ ਲਿਖਣ ਵੇਲੇ ਇਸ ਗੱਲ ਦਾ ਖਾਸ ਧਿਆਨ ਰੱਖਦੇ ਹਨ ਕਿ ਉਨ੍ਹਾਂ ਦੀ ਸ਼ਾਇਰੀ ਵਿਚ ਠੇਠ ਪੰਜਾਬੀ ਸ਼ਬਦਾਂ ਦੀ ਵਰਤੋਂ ਹੋਏ ਅਤੇ ਜੋ ਟਕਸਾਲੀ ਪੰਜਾਬੀ ਵਿਚ ਲੋੜੀਂਦਾ ਸ਼ਬਦ ਨਾ ਮਿਲ਼ੇ ਤਾਂ ਉਹ ਉਪ-ਭਾਸ਼ਾਵਾਂ ਵਿੱਚੋਂ ਸ਼ਬਦਾਂ ਦੀ ਚੋਣ ਕਰਨ ਅਤੇ ਅਰਬੀ ਤੇ ਫਾਰਸੀ ਦੇ ਸ਼ਬਦਾਂ ਨੂੰ ਘੱਟ ਤੋਂ ਘੱਟ ਵਰਤਣ। ਸਿਰਫ਼ ਉਹੋ ਸ਼ਬਦ ਵਰਤੇ ਜਾਣ ਜਿਹੜੇ ਪੰਜਾਬੀ ਦਾ ਅੰਗ-ਸੰਗ ਬਣ ਚੁੱਕੇ ਹਨ। ਜਿਵੇਂ ਤਾਰਿਕ ਗੁੱਜਰ ਤੇ ਅਫ਼ਜ਼ਲ ਸਾਹਿਰ ਦੀ ਸ਼ਾਇਰੀ ਵਿਚ ਸਾਨੂੰ ਅਰਬੀ ਫਾਰਸੀ ਦਾ ਰਲਾਅ ਨਹੀਂ ਮਿਲਦਾ। ਇਹ ਇਕ ਬੜਾ ਸ਼ਲਾਘਾਯੋਗ ਵਤੀਰਾ ਹੈ, ਜਿਸ ਨਾਲ਼ ਅਫ਼ਜ਼ਲ ਸਾਹਿਰ ਦੇ ਪੰਜਾਬੀ ਸ਼ਬਦ ਭੰਡਾਰ ਦੀ ਅਮੀਰੀ ਬਾਰੇ ਵੀ ਜਾਣਕਾਰੀ ਹੋ ਜਾਂਦੀ ਹੈ। ਅਤੇ ਸਾਡੇ ਪਾਸੇ ਦੇ ਸ਼ਾਇਰਾਂ ਨੂੰ ਵੀ ਇਸ ਗੱਲ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਮਿਸਾਲ ਵਜੋਂ ਅਫ਼ਜ਼ਲ ਸਾਹਿਰ ਦੇ ਗੀਤਾਂ/ਨਜ਼ਮਾਂ ਦੇ ਇਹ ਸ਼ਿਅਰ ਵੇਖੋ:

*ਜਿੰਦੇ ਨੀ, ਇਹ ਕੀ ਲੱਛਣ ਤੇਰੇ*
*ਫਨੀਅਰ ਨਾਲ਼ ਯਾਰਾਨੇ ਤੇਰੇ*
*ਜੋਗੀ ਵੱਲ ਵੀ ਫੇਰੇ*

*ਜਿੰਦੇ ਨੀ, ਇਹ ਕੀ ਸਾਕ ਸਹੇੜੇ*
*ਇਕ ਬੁੱਕਲ ਵਿੱਚ ਰਾਂਝਣ ਮਾਹੀ*
*ਦੂਜੀ ਦੇ ਵਿੱਚ ਖੇੜੇ*

*ਰੁੱਖਾਂ ਦੇ ਪਰਛਾਵੇਂ ਕੰਬਣ*



CC-0. Sohail Kazmi Collection, Jammu. Digitized by eGangotri

*ਧਰਤੀ ਠੰਢੀ ਠਾਰ*
*ਸਿਖਰ ਦੁਪਹਿਰੇ ਰਾਤ ਦੇ ਪਹਿਰੇ*
*ਪੱਤਝੜ ਜਹੀ ਬਹਾਰ।*

*ਜਿੰਦੜੀਏ*
*ਆ ਖਿੜ ਖਿੜ ਰੋਈਏ*
*ਤੇ ਮਾਰ ਦੋਹੱਥੜ ਹਸੀਏ*
*ਇਹ ਜੀਵਨ ਨਹੀਂ ਸਾਡਾ ਜੀਵਨ*
*ਰੂਹ ਦੀ ਜੂਨੇ ਵਸੀਏ।*

ਅਫ਼ਜ਼ਲ ਸਾਹਿਰ ਨੇ ਆਪਣੇ ਇਸ ਕਾਵਿ-ਸੰਗ੍ਰਹਿ ਦਾ ਨਾਂ ਸ਼ਾਹ ਹੁਸੈਨ ਦੀ ਮਸ਼ਹੂਰ ਕਾਫੀ "ਰਹੀਏ ਨਾਲ਼ ਸੱਜਣ ਦੇ ਰਹੀਏ" ਵਿਚੋਂ ਰੱਖਿਆ ਹੈ। ਅਫ਼ਜ਼ਲ ਦੀ ਸ਼ਾਇਰੀ ਆਮ ਲੋਕਾਈ ਨਾਲ਼ ਆਪਣਾ ਨਿੱਘਾ ਰਿਸ਼ਤਾ ਜੋੜਦੀ ਹੈ। ਕਵੀ ਕਿਸੇ ਵੀ ਧਰਮ ਦਾ ਝੋਲਾ ਪਾ ਕੇ ਪੈਦਾ ਨਹੀਂ ਹੁੰਦਾ। ਉਹ ਆਪਣੀ ਜ਼ਾਤ ਵਿੱਚ ਇੱਕ ਅਜਿਹੇ ਮਜ਼੍ਹਬ ਦਾ ਨਿਰਮਾਣ ਕਰਦਾ ਹੈ, ਜਿਸ ਦੀ ਬੁਨਿਆਦ ਇਨਸਾਨੀਅਤ ਦੀ ਜ਼ਮੀਨ 'ਤੇ ਰੱਖੀ ਹੁੰਦੀ ਹੈ। ਸ਼ਾਇਰੀ ਜ਼ਖ਼ਮ ਨਾਲ਼ ਫੁਟਦੀ ਹੈ ਤੇ ਕਿਤੇ ਖ਼ੂਬਸੂਰਤ ਮੁਸਕਾਣ ਵਜੋਂ। ਸ਼ਾਇਰ ਉਸ ਵਿਚ ਸ਼ਬਦਾਂ ਦੀ ਜਾਦੂਗਰੀ ਨਾਲ਼ ਆਪਣੀ ਹੋਂਦ ਦਾ ਸਬੂਤ ਪੇਸ਼ ਕਰਦਾ ਹੈ।

*ਖਿੜ ਖਿੜ ਹਾਸੀ, ਦੂਰ ਉਦਾਸੀ*
*ਚਾਨਣ ਪੀਵੇ ਜਿੰਦ ਪਿਆਸੀ*
*ਲੂੰ ਲੂੰ ਠੰਡਾ ਰੇ*
*ਮੋਰਾ ਪੀਆ ਮੋਸੇ ਮਿਲਣ ਆਇਉ*
*ਸ਼ੁੱਕਰ ਵੰਡਾ ਰੇ*

------------

*ਉਹਰਾਂ ਜਿੰਨੇ ਪੰਧ ਨੇ*
*ਸਾਹਾਂ ਦੇ ਵਿਚਕਾਰ*
*ਕਦੀ ਤੇ ਆ ਕੇ ਸੂਰਜਾ*
*ਬਲਦਾ ਸੀਨਾ ਠਾਰ*
*ਨਾ ਕੋਈ ਯਾਦ ਨਾ ਚੇਤਾ ਭੁੱਲੇ*
*ਰੱਤੇ ਮੈਨੂੰ ਰੱਤ ਨਾ ਡੁੱਲੇ*



CC-0. Sohail Kazmi Collection, Jammu. Digitized by eGangotri

ਸੀਨੇ ਸੁੰਞ ਦੇ ਝੱਖੜ ਝੁੱਲੇ
ਮੈਂ ਤੇ ਮੈਂ ਭੇਦ ਨਾ ਖੁੱਲ੍ਹੇ
ਲੰਘਦੀ ਸ਼ਾਮ-ਸਵੇਰ
ਜਿੰਦੜੀ ਘੁੰਮਣ ਘੇਰ।

ਅਫ਼ਜ਼ਲ ਸਾਹਿਰ ਦੀ ਸ਼ਾਇਰੀ ਸੰਗੀਤ 'ਚ ਗੁੰਦੀ ਹੋਈ ਹੈ... ਇਹੀ ਕਾਰਣ ਹੈ ਕਿ ਇਸਦਾ ਅਕਸਰ ਕਲਾਮ ਪਾਕਿਸਤਾਨ ਦੇ ਮਸ਼ਹੂਰ ਗਾਇਕਾਂ ਨੇ ਗਾਇਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਟੈਲੀਵਿਯਨ, ਕੋਕ ਸਟੂਡੀਓ, ਸੱਚਲ ਸਟੂਡੀਓ ਤੇ ਕਈ ਹੋਰ ਮਿਊਜ਼ਿਕ ਪ੍ਰੋਡਕਸ਼ਨ ਹਾਊਸਿਸ ਨੇ ਗਵਾਇਆ ਹੈ। ਅਫ਼ਜ਼ਲ ਸਾਹਿਰ ਆਪ ਵੀ ਇਕ ਵਧੀਆ ਐਂਕਰ ਤੇ ਪ੍ਰੋਗਰਾਮ ਪ੍ਰੇਜ਼ੈਨਟਰ ਹੈ। ਸੱਚੀ ਤੇ ਸੁੱਚੀ ਗੱਲ ਇਹ ਹੈ ਕਿ ਅਫ਼ਜ਼ਲ ਸਾਹਿਰ ਅਵਾਮੀ ਸ਼ਾਇਰ ਹੈ ਅਤੇ ਉਸਦੀ ਸ਼ਾਇਰੀ ਆਮ ਦੀ ਸ਼ਾਇਰੀ ਹੈ ਤੇ ਹਮੇਸ਼ਾਂ ਦਿਲਾਂ ਨੂੰ ਜੋੜਨ ਦਾ ਹੀਲਾ ਕਰਦੀ ਹੈ। ਪੰਜਾਬ ਦੀ ਵੰਡ ਉਸਦੇ ਇਹ ਦੋ ਸ਼ਿਅਰ ਵੇਖੋ:

"ਅਸੀਂ ਝੂਠੋ-ਝੂਠੀ ਖੇਡ ਕੇ, ਇਕ ਸੱਚ ਬਣਾਇਆ
ਫਿਰ ਉਸਨੂੰ ਧਰਮੀ ਲਹਿਰ ਦਾ, ਇਕ ਤੜਕਾ ਲਾਇਆ

ਅਸੀਂ ਪਾਕ ਪਲੀਤੇ ਪਾਣੀਆਂ ਵਿਚ ਰਿਝਦੇ ਜਾਈਏ
ਯਾ ਹਸੀਏ ਘੂਰੀ ਵੱਟ ਕੇ ਯਾ ਖਿਝਦੇ ਜਾਈਏ

ਅਫ਼ਜ਼ਲ ਸਾਹਿਰ ਦੀ ਇਕ ਗ਼ਜ਼ਲ ਵਿਚ ਭਾਸ਼ਾ ਤੇ ਸੋਚ ਉਡਾਰੀ ਦਾ ਸਵਾਦ ਮਾਣੋ:

ਮੈਨੂੰ 'ਕੱਲਾ ਹੋਣ ਦੇ ਅੱਲ੍ਹਾ ਈ ਅੱਲ੍ਹਾ ਹੋਣ ਦੇ
ਸਿਰ ਪੈਰਾਂ ਤੋਂ ਵਾਰ ਦੇ ਦਿਲ ਨੂੰ ਝੱਲਾ ਹੋਣ ਦੇ

ਰਾਮ ਗੁਰੂ ਰੱਬ 'ਕੱਠਿਆਂ ਖੈਰੀ ਸੱਲ੍ਹਾ ਹੋਣ ਦੇ
ਅੰਦਰ ਸੱਚ ਸੰਭਾਲ ਜੀ ਬਾਹਰ ਨਿਗੱਲਾ ਹੋਣ ਦੇ

ਮਸਤੀ ਵੰਡ ਧਮਾਲ ਦੀ ਰੂਪ ਸਵੱਲਾ ਹੋਣ ਦੇ
ਸੁਖ਼ਣ ਸਲਾਮਤ ਰਹਿਣ ਦੇ ਖਾਲੀ ਪੱਲਾ ਹੋਣ ਦੇ

ਅਫ਼ਜ਼ਲ ਸਾਹਿਰ ਕੋਲ ਸੱਚੀ ਤੇ ਸੁੱਚੀ ਸ਼ਾਇਰੀ ਦਾ ਇਕ ਭੰਡਾਰ



CC-0. Sohail Kazmi Collection, Jammu. Digitized by eGangotri

ਪਸਰਿਆ ਪਿਆ ਹੈ। ਮੈਂ ਚਾਹੁੰਦਾ ਹਾਂ ਕਿ ਉਸਦਾ ਸਾਰਾ ਕਲਾਮ ਪੰਜਾਬੀਆਂ ਦੀ ਰੂਹ ਦੀ ਖੁਰਾਕ ਬਣਨ ਲਈ ਛੇਤੀ ਤੋਂ ਛੇਤੀ ਸਾਡੇ ਪਾਸੇ ਗੁਰਮੁਖੀ ਅੱਖਰਾਂ ਵਿੱਚ ਛੱਪੇ। ਮੈਂ ਅਫ਼ਜ਼ਲ ਸਾਹਿਰ ਦੇ ਇਸ ਪਹਿਲੇ ਪਰਾਗੇ "ਨਾਲ਼ ਸੱਜਣ ਦੇ ਰਹੀਏ" ਦਾ ਸਵਾਗਤ ਕਰਦਾ ਹਾਂ।

— ਖ਼ਾਲਿਦ ਹੁਸੈਨ



CC-0. Sohail Kazmi Collection, Jammu. Digitized by eGangotri

ਉਂਝ ਰੱਬ ਦੀਆਂ ਰੱਬ ਜਾਣੇ
ਜਿੰਦ ਓਹਦੇ ਨਾਂ ਲਾਵਾਂ
ਜਿਹੜਾ ਰੱਬ ਦਾ ਸਬੱਬ ਜਾਣੇ


CC-0. Sohail Kazmi Collection, Jammu. Digitized by eGangotri

## ਸੱਜਣ

ਉਹ ਈ ਸਾਡਾ ਸੱਜਣ,
ਜਿਹੜਾ ਆਪੋ ਵਿੱਚ ਸਾਹ ਵੰਡੇ
ਜਿਸ ਨੂੰ ਮਿਲਿਆਂ, ਮੱਲ੍ਹਮਾਂ ਜਾਪਣ,
ਰੂਹ ਵਿੱਚ ਖੁੱਭੇ ਕੰਡੇ
ਜੀਵਨ ਦੀ ਸਹੁੰ ਮੁੱਕ ਜਾਂਦਾ ਏ,
ਜਨਮ ਜਨਮ ਦਾ ਰੋਣਾ
ਸਾਡੇ ਲਈ ਇੱਕ ਰੱਬ ਵਰਗਾ ਏ
ਇਕ ਸੱਜਣ ਦਾ ਹੋਣਾ

•



CC-0. Sohail Kazmi Collection, Jammu. Digitized by eGangotri

## ਜਿੰਦੇ ਨੀ

ਜਿੰਦੇ ਨੀ! ਤੂੰ ਕੀਕਣ ਜੰਮੀ
ਪੈਰ ਪੈਰ 'ਤੇ ਨਿਤ ਬਖੇੜੇ
ਜੀਵਨ ਦੀ ਰਾਹ ਲੰਮੀ
ਜਿੰਦੇ ਨੀ! ਤੂੰ ਕੀਕਣ ਜੰਮੀ

ਜਿੰਦੇ ਨੀ! ਕੀ ਲੱਛਣ ਤੇਰੇ
ਫਨੀਅਰ ਨਾਲ਼ ਯਰਾਨੇ ਵੀ ਨੇ
ਜੋਗੀ ਵੱਲ ਵੀ ਫੇਰੇ
ਜਿੰਦੇ ਨੀ! ਕੀ ਲੱਛਣ ਤੇਰੇ

ਜਿੰਦੇ ਨੀ! ਕੀ ਸਾਕ ਸਹੇੜੇ
ਇੱਕ ਬੁੱਕਲ ਵਿੱਚ ਰਾਂਝਣ ਮਾਹੀ
ਦੂਜੀ ਦੇ ਵਿੱਚ ਖੇੜੇ
ਜਿੰਦੇ ਨੀ! ਕੀ ਸਾਕ ਸਹੇੜੇ

ਜਿੰਦੇ ਨੀ! ਕੀ ਕਾਰੇ ਕੀਤੇ!
ਆਪੇ ਆਸ ਦੇ ਚੋਲੇ ਪਾੜੇ
ਆਪੇ ਬਹਿ ਕੇ ਸੀਤੇ!
ਜਿੰਦੇ ਨੀ! ਕੀ ਕਾਰੇ ਕੀਤੇ!

ਜਿੰਦੇ ਨੀ! ਤੱਕ ਚੇਤ ਵਸਾਖਾਂ
ਤੂੰ ਫਿਰਦੀ ਐਂ ਮੈਲ ਕੁਚੈਲੀ
ਦੱਸ! ਤੈਨੂੰ ਕੀ ਆਖਾਂ
ਜਿੰਦੇ ਨੀ! ਤੱਕ ਚੇਤ ਵਸਾਖਾਂ



CC-0. Sohail Kazmi Collection, Jammu. Digitized by eGangotri

ਜਿੰਦੇ ਨੀ! ਤੈਨੂੰ ਕਿਹੜਾ ਦੱਸੇ
ਲੂੰ ਲੂੰ ਤੇਰਾ ਐਬਾਂ ਭਰਿਆ
ਮੌਤ ਵਟੇਂਦੀ ਰੱਸੇ
ਜਿੰਦੇ ਨੀ! ਤੈਨੂੰ ਕਿਹੜਾ ਦੱਸੇ

ਜਿੰਦੇ ਨੀ! ਤੇਰੇ ਸਾਹ ਨਕਾਰੇ
ਮੋਏ ਮੂੰਹ ਨਾਲ਼ ਆ ਬੈਠੀ ਏਂ
ਜੀਵਨ ਦੇ ਦਰਬਾਰੇ
ਜਿੰਦੇ ਨੀ! ਤੇਰੇ ਸਾਹ ਨਕਾਰੇ

ਜਿੰਦੇ ਨੀ! ਕੀ ਅੱਤਾਂ ਚਾਈਆਂ
ਹੱਸ ਖੇਡਣ ਦੀ ਵਿਹਲ ਨਾ ਤੈਨੂੰ
ਕਰਦੀ ਫਿਰੇਂ ਲੜਾਈਆਂ
ਜਿੰਦੇ ਨੀ! ਕੀ ਅੱਤਾਂ ਚਾਈਆਂ

ਜਿੰਦੇ ਨੀ! ਕੀ ਵੇਲ਼ੇ ਆਏ
ਇੱਕ ਦੂਜੇ ਦੀ ਜਾਨ ਦੇ ਵੈਰੀ
ਇੱਕੋ ਮਾਂ ਦੇ ਜਾਏ
ਜਿੰਦੇ ਨੀ! ਕੀ ਵੇਲ਼ੇ ਆਏ

ਜਿੰਦੇ ਨੀ! ਤੇਰੇ ਜੀਵਨ ਮਾਪੇ
ਆਪੇ ਹੱਥੀਂ ਡੋਲੀ ਚਾੜ੍ਹਨ
ਆਪੇ ਕਰਨ ਸਿਆਪੇ
ਜਿੰਦੇ ਨੀ! ਤੇਰੇ ਜੀਵਨ ਮਾਪੇ



CC-0. Sohail Kazmi Collection, Jammu. Digitized by eGangotri

ਜਿੰਦੇ ਨੀ ! ਕਿਸ ਟੂਣੇ ਕੀਤੇ
ਦਿਲ ਦਰਿਆ ਤੇ ਨੈਣ ਸਮੁੰਦਰ
ਭਰ ਗਏ ਚੁੱਪ ਚੁਪੀਤੇ
ਜਿੰਦੇ ਨੀ ! ਕਿਸ ਟੂਣੇ ਕੀਤੇ

ਜਿੰਦੇ ਨੀ ! ਕੀ ਖੇਡਾਂ ਹੋਈਆਂ
ਪਿਓ ਪੁੱਤਰਾਂ ਦੇ ਪੈਰੀਂ ਪੈ ਕੇ
ਮਾਵਾਂ ਧੀਆਂ ਰੋਈਆਂ
ਜਿੰਦੇ ਨੀ ! ਕੀ ਖੇਡਾਂ ਹੋਈਆਂ

ਜਿੰਦੇ ਨੀ ! ਕੀ ਕਾਜ ਕਮਾਏ
ਜਿੰਨੇ ਵੀ ਤੂੰ ਸੰਗ ਸਹੇੜੇ
ਰੂਹ ਦੇ ਮੇਚ ਨਾ ਆਏ
ਜਿੰਦੇ ਨੀ ! ਕੀ ਕਾਜ ਕਮਾਏ

ਜਿੰਦੇ ਨੀ ! ਕੀ ਹੋਣੀਆਂ ਹੋਈਆਂ
ਇਸ਼ਕੇ ਦੇ ਘਰ ਰਹਿ ਕੇ ਅੱਖੀਆਂ
ਨਾ ਹੱਸੀਆਂ ਨਾ ਰੋਈਆਂ
ਜਿੰਦੇ ਨੀ ! ਕੀ ਹੋਣੀਆਂ ਹੋਈਆਂ

ਜਿੰਦੇ ਨੀ ! ਤੇਰੇ ਸਾਹ ਕਚਾਵੇ
ਰੋਜ਼ ਦਿਹਾੜੇ ਮਰਨਾ ਪੈਂਦਾ
ਫਿਰ ਵੀ ਮੌਤ ਨਾ ਆਵੇ
ਜਿੰਦੇ ਨੀ ! ਤੇਰੇ ਸਾਹ ਕਚਾਵੇ

•



CC-0. Sohail Kazmi Collection, Jammu. Digitized by eGangotri

## ਸੁਫ਼ਨੇ ਰਹਿ ਗਏ ਕੋਰੇ
**(ਜਮੀਲ ਪਾਲ ਦੀ ਵੇਲ)**

ਸੁਫ਼ਨੇ ਰਹਿ ਗਏ ਕੋਰੇ
ਸੱਜਣ !
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅੱਖੀਆਂ ਅੰਦਰ ਪਾੜ ਪਏ,
ਜਿਉਂ ਕੰਧਾਂ ਵਿੱਚ ਮਘੋਰੇ

ਜੱਗ ਕੂੜ ਪਸਾਰਾ ਕਹਿਰ ਦਾ
ਸਾਨੂੰ ਚਸਕਾ ਲੱਗਾ ਜ਼ਹਿਰ ਦਾ
ਦਿਲ ਪਾਰਾ ਕਿਤੇ ਨਾ ਠਹਿਰਦਾ
ਸਾਨੂੰ ਧੁੜਕੂ ਅੱਠੇ ਪਹਿਰ ਦਾ
ਇੱਕ ਪਾਸਾ ਮਰਿਆ ਸ਼ਹਿਰ ਦਾ
ਵਿਚ ਭੁੱਖਾ ਫਨੀਅਰ ਲਹਿਰਦਾ

ਮਾਵਾਂ ਨੇ ਖੀਸੇ ਫੋਲ ਕੇ
ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ

ਅਸੀਂ ਸਈਆਂ ਨੈਣਾਂ ਵਾਲੀਆਂ
ਸਾਨੂੰ ਜੋਇਆ ਅੰਨ੍ਹੇਂ ਹਾਲੀਆਂ
ਮਨ ਖੋਭੇ ਸੱਧਰਾਂ ਗਾਲੀਆਂ
ਸਾਡਾ ਜੀਵਨ ਵਿੱਚ ਕੁਠਾਲੀਆਂ
ਖਸਮਾਂ ਦੀਆਂ ਅੱਗਾਂ ਬਾਲੀਆਂ
ਦਿਲ ਗੁੰਨ੍ਹੇ ਵਿਚ ਕੁਨਾਲੀਆਂ



CC-0. Sohail Kazmi Collection, Jammu. Digitized by eGangotri

ਇਸ ਔਂਤਰ ਜਾਣੇ ਸਮੇਂ ਨੇ
ਸਾਹ ਬਰਫ਼ਾਂ ਵਾਂਗੂੰ ਖੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ !

•



CC-0. Sohail Kazmi Collection, Jammu. Digitized by eGangotri

## ਉਡੀਕ

ਕਦੀ ਆ ਮਿਲ ਫੇਰ ਹਯਾਤੀਏ!
ਕਦੀ ਲੰਘ ਆ ਨੈਣ ਝਨਾਂ
ਅਸੀਂ ਮਿਹਣੇ ਮਾਰੇ ਮੌਤ ਨੂੰ
ਲੈ ਲੈ ਕੇ ਤੇਰਾ ਨਾਂ

•



CC-0. Sohail Kazmi Collection, Jammu. Digitized by eGangotri

## ਪਾਕਿਸਤਾਨ

ਸੂਰਜ ਸੱਜਣ ਰਾਤ ਦਾ
ਕੋਈ ਕਾਲਾ ਚੰਨ ਕੀ ਤੱਕੇ
ਸਾਹ ਭੋਰੇ ਭੋਗਣ ਉਮਰ ਦੇ
ਅੱਖ ਸੁਫ਼ਨੇ ਵੇਖ ਨਾ ਸਕੇ
•


CC-0. Sohail Kazmi Collection, Jammu. Digitized by eGangotri

# ਇਸ ਜੀਵਨ ਤੋਂ ਰੱਜੇ

ਇਸ ਜੀਵਨ ਤੋਂ ਰੱਜੇ
ਸਾਈਂ!
ਅਸੀਂ ਇਸ ਜੀਵਨ ਤੋਂ ਰੱਜੇ
ਖੌਰੇ ਕਿਹੜੀ ਆਸ 'ਤੇ ਰਹਿ ਗਏ
ਸਾਹ ਦੀ ਡੋਰੀ ਬੱਝੇ
ਸਾਈਂ!
ਅਸੀਂ ਇਸ ਜੀਵਨ ਤੋਂ ਰੱਜੇ

ਰੋਜ਼ ਦਿਹਾੜੇ, ਜੀਣਾ ਮਰਨਾ,
ਸਾਡੇ ਲੇਖੀਂ ਲਿਖਿਆ
ਵੇਲਾ ਕਿਹੜੀ ਟੋਰ ਟੁਰੀਂਦੈ,
ਇਹ ਨਾ ਸਾਨੂੰ ਦਿਖਿਆ
ਸਾਦ ਮੁਰਾਦੇ ਜੀਅ ਅਖਵਾਏ
ਬੇ ਲੱਜੇ, ਬੇ ਚੱਜੇ
ਸਾਈਂ!
ਅਸੀਂ ਇਸ ਜੀਵਨ ਤੋਂ ਰੱਜੇ

ਸਾਡੇ ਵਿਹੜੇ ਹਾਸੇ ਆਵਣ,
ਸ਼ਕਲ ਬਣਾ ਕੇ ਰੋਣੀਂ
ਸਾਹ ਸਾਹ ਦੇ ਨਾਲ਼ ਝੱਲੀ ਜਾਈਏ
ਨਿੱਤ ਹੋਣੀ ਤੇ ਹੋਣੀ!
ਮਹਿੰਗ ਸਮੇਂ ਦੇ ਮਾਰੂ ਥਲ 'ਚ
ਧੂੜ ਉਡਾਂਦੇ ਭੱਜੇ
ਸਾਈਂ!
ਅਸੀਂ ਇਸ ਜੀਵਨ ਤੋਂ ਰੱਜੇ



CC-0. Sohail Kazmi Collection, Jammu. Digitized by eGangotri

ਵੇਲੇ ਦੀ ਪਈ ਡੈਣ ਖਿਡਾਵੇ
ਚੁੱਕ ਅਸਾਨੂੰ ਕੁੱਛੇ
ਕਿਹੜਾ ਸਾਡਾ ਵਾਲੀ ਵਾਰਿਸ
ਕੌਣ ਅਸਾਨੂੰ ਪੁੱਛੇ
ਜਿਹੜੇ ਜ਼ਾਤੋਂ ਹੈਣ ਕੁਜ਼ਾਤੇ
ਉਹ ਸਿਰ ਚੜ੍ਹ ਕੇ ਗੱਜੇ
ਸਾਈਂ!
ਅਸੀਂ ਇਸ ਜੀਵਨ ਤੋਂ ਰੱਜੇ

•



CC-0. Sohail Kazmi Collection, Jammu. Digitized by eGangotri

## ਜਲ ਪਰੀ

ਤੇਰਾ ਰੂਪ ਸਰੂਪ ਨੀ, ਚੇਤਰ ਦੇ ਗਲ਼ ਹਾਰ
ਬੋਲ ਤੇਰੇ ਮਲਹਾਰੀਏ, ਸੁਖਨਾਂ ਦੀ ਮਹਿਕਾਰ

ਤੇਰੇ ਨੈਣ ਸੁਹਾਵੀਏ, ਆਬ ਹਯਾਤੀ ਹਾਰ
ਲੱਗੀ ਡੀਕ ਉਡੀਕ ਦੀ, ਮੇਰੇ ਨੈਣ ਦੁਵਾਰ

ਲੋਹਿਆ ਮਘਦੇ ਪ੍ਰੇਮ ਦਾ, ਚੰਡੇ ਹਿਜਰ ਲੁਹਾਰ
ਇੱਕ ਕੰਡਿਆਲੀ ਵਾੜ ਹੈ, ਦੋ ਸਾਹਾਂ ਵਿਚਕਾਰ

ਤੇਰੇ ਬਿਨਾ ਹਯਾਤੀਏ, ਕੱਖੋਂ ਹੌਲਾ ਭਾਰ
ਤੈਂ ਬਿਨ ਆਪਣੇ ਬਾਝ ਹੀ, ਜੀਵਨ ਰਿਹਾਂ ਗੁਜ਼ਾਰ

•



CC-0. Sohail Kazmi Collection, Jammu. Digitized by eGangotri

## ਉੱਚਿਆਂ ਟਿੱਬਿਆਂ ’ਤੇ... ...

(1)

ਉੱਚਿਆਂ ਟਿੱਬਿਆਂ ’ਤੇ ਮੈਂ ਬੈਠਾ
ਮੁਠੀਉਂ ਧੂੜ ਉਡਾਵਾਂ
ਮੁਠੀਉਂ ਕਿਰ ਕੇ ਮੈਂ ਵੀ ਕਿਧਰੇ
ਦੂਰ ਕਿਤੇ ਉਡ ਜਾਵਾਂ
ਕਿਸੇ ਬਸੰਤੀ ਫੁੱਲ ਦੀ ਚਾਦਰ
’ਤੇ ਜਾ ਕੇ ਸੌਂ ਜਾਵਾਂ
ਹਰੇ ਕਚੂਰ ਪੱਤਰ ਦੇ ਤੁਪਕੇ
ਨੈਣਾਂ ਵਿੱਚ ਡਿਗਾਵਾਂ
ਉਮਰਾਂ ਦੀ ਮੈਂ ਪਿਆਸ ਮਿਟਾਵਾਂ
ਤੇ ਹਰਿਆਂ ਹੋ ਜਾਵਾਂ
ਉੱਚੀਆਂ ਟਿੱਬਿਆਂ ’ਤੇ... ...

(2)

ਉੱਚਿਆਂ ਟਿੱਬਿਆਂ ’ਤੇ ਮੈਂ ਬੈਠਾ
ਮੁਠੀਉਂ ਧੂੜ ਉਡਾਵਾਂ
ਮੁਠੀਉਂ ਕਿਰ ਕੇ ਮੈਂ ਵੀ ਕਿਧਰੇ
ਦੂਰ ਕਿਤੇ ਉਡ ਜਾਵਾਂ
ਉਡ ਕਿਸੇ ਆਸ਼ਿਕ ਦੀ ਕਬਰੇ
ਮੈਂ ਜਾ ਕੇ ਬਹਿ ਜਾਵਾਂ
ਫਿੱਕੀ ਮਹਿੰਦੀ ਵਾਲੇ ਹੱਥ ਦੇ,
ਪਾਏ ਚੌਲ ਮੈਂ ਖਾਵਾਂ
ਟੁੱਟੀ ਚੁੰਝ ਨਾਲ਼ ਕੱਢ ਦੋ ਕਬਰਾਂ
ਦੋਹਾਂ ਵਿੱਚ ਸੌਂ ਜਾਵਾਂ
ਉੱਚਿਆਂ ਟਿੱਬਿਆਂ ’ਤੇ... ...



CC-0. Sohail Kazmi Collection, Jammu. Digitized by eGangotri

(3)

ਉੱਚਿਆਂ ਟਿੱਬਿਆਂ 'ਤੇ ਮੈਂ ਬੈਠਾ
ਮੁਠੀਉਂ ਧੂੜ ਉਡਾਵਾਂ
ਮੁਠੀਉਂ ਕਿਰ ਕੇ ਮੈਂ ਵੀ ਕਿਧਰੇ
ਦੂਰ ਕਿਤੇ ਉਡ ਜਾਵਾਂ
ਕਿਸੇ ਜੋਗੀ ਦੇ ਮੋਢੀਂ ਬਹਿ ਕੇ
ਪਰਦੇਸਾਂ ਵੱਲ ਜਾਵਾਂ
ਉਸ ਜੋਗੀ ਦੇ ਤਿਲਕ ਦੀ ਸੁਰਖ਼ੀ
ਨੀਲ਼ੇ ਹੋਠੀਂ ਲਾਵਾਂ
ਉਸ ਸੁਰਖ਼ੀ ਨਾਲ਼ ਸੂਰਜ ਬਾਲਾਂ
ਜੀਵਨ ਨੂੰ ਰੁਸ਼ਨਾਵਾਂ
ਉੱਚਿਆਂ ਟਿੱਬਿਆਂ 'ਤੇ...

•



CC-0. Sohail Kazmi Collection, Jammu. Digitized by eGangotri

## ਵਾਹ ਜੀ ਵਾਹ ਕੀ ਬਣੀਆਂ (ਕਾਫ਼ੀ)

(ਮੁਸ਼ਤਾਕ ਸੂਫ਼ੀ ਦੀ ਵੇਲ)

ਵਾਹ ਜੀ ਵਾਹ ਕੀ ਬਣੀਆਂ
ਮਨ ਰੋਹੀ ਤੇ ਚਿਣਗਾਂ ਵੱਸੀਆਂ
ਲੋਕ ਸਮਝਦਾ ਕਣੀਆਂ
ਵਾਹ ਜੀ ਵਾਹ ਕੀ ਬਣੀਆਂ

ਨਰ ਵਾਦੀ ਦੇ ਮਾਰੂ ਹੜ੍ਹ ਵਿਚ
ਰੁੜ੍ਹ ਪੁੜ੍ਹ ਗਈਆਂ ਜਣੀਆਂ
ਵਾਹ ਜੀ ਵਾਹ ਕੀ ਬਣੀਆਂ

ਥੱਪ ਥੱਪ ਕਰਦੇ ਬੂਟਾਂ ਹੇਠਾਂ
ਚੀਕ ਪਈਆਂ ਛਣ ਛਣੀਆਂ
ਵਾਹ ਜੀ ਵਾਹ ਕੀ ਬਣੀਆਂ

ਪਾਲੋ ਪਾਲ ਸਫ਼ੈਦੇ ਉੱਗਣ
ਮੁੱਕੀਆਂ ਛਾਵਾਂ ਘਣੀਆਂ
ਵਾਹ ਜੀ ਵਾਹ ਕੀ ਬਣੀਆਂ

ਵਸਲ ਵਸਾਲਾਂ ਮੌਤ ਸਹੇੜੀ
ਹਿਜਰ ਤਣਾਵਾਂ ਤਣੀਆਂ
ਵਾਹ ਜੀ ਵਾਹ ਕੀ ਬਣੀਆਂ

•



CC-0. Sohail Kazmi Collection, Jammu. Digitized by eGangotri

# ਖ਼ਿਆਲ

ਮੈਂ ਤੈਂ ਦੇ ਪਰਛਾਵੇਂ ਹੇਠਾਂ
ਅੰਦਰੋਂ ਕੂੜ ਸੁਆਹ ਦੀ ਰਾਖੀ
ਬਾਹਰੋਂ ਸਾਡੀ ਨਿੱਤ ਵਿਸਾਖੀ

•



CC-0. Sohail Kazmi Collection, Jammu. Digitized by eGangotri

## ਪੀੜਾਂ ਵਿਕਣੇ ਆਈਆਂ

ਪੀੜਾਂ ਵਿਕਣੇ ਆਈਆਂ
ਸੱਜਣ ਜੀ! ਪੀੜਾਂ ਵਿਕਣੇ ਆਈਆਂ
ਕਿਸੇ ਨਾ ਹੱਸ ਕਰਾਈ ਬੋਹਣੀ
ਕਿਸੇ ਨਾ ਝੋਲੀ ਪਾਈਆਂ

ਉਮਰੋਂ ਲੰਮੇ ਆਸ ਦੇ ਪੈਂਡੇ
ਅਸੀਂ ਵਿਚੋਂ ਦੀ ਹੋਏ
ਪੱਬਾਂ ਹੇਠਾਂ ਚੀਕਣ ਸਾਹਵਾਂ
ਸੁਫ਼ਨੇ ਵੀ ਅੱਧ ਮੋਏ

ਜੁੱਸੇ ਅੱਤ ਪਰੈਣਾਂ ਵੱਜੀਆਂ
ਕਿਸੇ ਨਾ ਮੱਲ੍ਹਮਾਂ ਲਾਈਆਂ
ਸੱਜਣ ਜੀ! ਪੀੜਾਂ ਵਿਕਣੇ ਆਈਆਂ

ਨਿੱਜ ਸਮੇਂ ਨੇ ਹਰ ਮ੍ਹਾਤੜ ਦੀ
ਬੁਲ੍ਹੜੀ ਅੱਖੜੀ ਸੀਤੀ
ਉਹਦੀ ਪੀੜ ਵੰਡਾਵਣ ਦੀ ਥਾਂ
ਹੋਰ ਵਧੇਰੀ ਕੀਤੀ

ਉਹ ਵੀ ਮਗਰੋਂ ਲਾਹ ਕੇ ਟੁਰ ਗਏ
ਜਿਹਨਾਂ ਦਿੱਤੀਆਂ ਸਾਈਆਂ
ਸੱਜਣ ਜੀ! ਪੀੜਾਂ ਵਿਕਣੇ ਆਈਆਂ



CC-0. Sohail Kazmi Collection, Jammu. Digitized by eGangotri

ਸਾਵੀਆਂ ਰੁੱਤਾਂ ਵਰਗੇ ਸੁਫ਼ਨੇ
ਚੀਕਾਂ ਦੇ ਵਿੱਚ ਗੁੰਨ੍ਹੇ
ਸ਼ਹਿਰ ਨੇ ਜੀਕਣ ਪੱਕੀਆਂ ਥਾਵਾਂ
ਪਿੰਡਾਂ ਦੇ ਪਿੰਡ ਸੁੰਨੇ

ਲਾਸ਼ਾਂ ਤੇ ਦਫ਼ਨਾਉਂਦੇ ਸੁਣਿਆਂ
ਰੂਹਾਂ ਕਿਸ ਦਫ਼ਨਾਈਆਂ!
ਸੱਜਣ ਜੀ! ਪੀੜਾਂ ਵਿਕਣੇ ਆਈਆਂ

•



CC-0. Sohail Kazmi Collection, Jammu. Digitized by eGangotri

# ਮੈਂ ਜਾਣੂੰ ਅਨਜਾਣ (ਕਾਫ਼ੀ)

(ਬਾਬਾ ਨਾਨਕ ਜੀ ਦੀ ਵੇਲ)

ਮੈਂ ਜਾਣੂੰ ਅਨਜਾਣ ਵੇ ਲੋਕਾ
ਮੈਂ ਜਾਣੂੰ ਅਨਜਾਣ

ਧਰਤ ਘੜੋਲੀ ਸਿਰ 'ਤੇ ਕਾਇਮ
ਪੈਰਾਂ ਹੇਠ ਅਸਮਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ

ਸਾਰੇ ਦੇਹੰ ਦੀ ਕਾਰ ਉਸਾਰੀ
ਰਾਤੀਂ ਕੀਤਮ ਢਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ

ਮਨਸ, ਪੱਖੀ, ਰੁੱਖ, ਢੋਰ ਸੱਭੋ ਈ
ਜੂਨੋ ਜੂਨ ਸਮਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ

ਆਪਣੀ ਆਪ ਸਿਹਾਣ ਬਿਨਾ ਹੈ
ਕੂੜੋ ਕੂੜ ਗਿਆਨ
ਵੇ ਲੋਕਾ! ਮੈਂ ਜਾਣੂੰ ਅਨਜਾਣ

ਕੁਲ ਖ਼ੁਦਾਈ, ਜੋ, ਹੈ "ਉਹ" ਹੈ
ਮੇਰੀ ਜਿੰਦ ਨਿਸ਼ਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ



CC-0. Sohail Kazmi Collection, Jammu. Digitized by eGangotri

ਮੇਰੇ ਸਾਹ ਦੇ ਸ਼ੌਹ ਦਰਿਆਈਂ
ਮੌਤ ਕਰੇ ਇਸ਼ਨਾਨ
ਵੇ ਲੋਕਾ! ਮੈਂ ਜਾਣੂੰ ਅਨਜਾਣ

ਨਾ ਅੱਲ੍ਹਾ, ਨਾ ਰਾਮ ਕਹਾਣੀ
ਕੁਦਰਤ ਵਿੱਚ ਧਿਆਨ
ਵੇ ਲੋਕਾ! ਮੈਂ ਜਾਣੂੰ ਅਨਜਾਣ

•



CC-0. Sohail Kazmi Collection, Jammu. Digitized by eGangotri

## ਚੇਤਰ ਰੰਗ ਨਰੋਏ
### (ਨਜਮ ਹੁਸੈਨ ਸਈਅਦ ਦੀ ਵੇਲ)

ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ
ਭੋਇੰ 'ਤੇ ਨਵੀਂ ਹਯਾਤੀ ਖਿੜ ਪਈ
ਅਸੀਂ ਮੋਏ ਦੇ ਮੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ

ਫੁੱਲਾਂ ਤੋਂ ਨਾ ਅੱਖ ਚੁੱਕੀਵੇ
ਚੇਤ ਮਿਲਾਪੀ ਰੁੱਤੇ
ਬਾਹਰ ਸੁਲੱਖਣਾ ਦਿਨ ਚੜ੍ਹ ਆਇਆ
ਅਸੀਂ ਆਂ ਸੁੱਤਮ ਸੁੱਤੇ
ਪੁੱਠੇ ਵੇਖ ਵਤੀਰੇ ਸਾਡੇ
ਹਾਸੇ ਪਿੱਟ ਖਲੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ

ਲੱਗੇ ਬੂਰ ਤੇ ਫੁੱਟੀਆਂ ਲਗਰਾਂ
ਰੁੱਖਾਂ ਰੰਗ ਵਟਾਏ
ਅਸੀਂ ਨਾ ਆਪਣੇ ਜੁੱਸਿਆਂ ਉੱਤੋਂ
ਹੰਢੇ ਵਰਤੇ ਲਾਹੇ
ਖੂਹ 'ਤੇ ਖੜ੍ਹ ਕੇ ਵੀ ਨਾ ਭਰਿਆ
ਭਾਂਡਾ ਲੋਏ ਲੋਏ
ਚੇਤਰ ਰੰਗ ਨਰੋਏ... ਵੇ ਲੋਕਾ
ਚੇਤਰ ਰੰਗ ਨਰੋਏ



CC-0. Sohail Kazmi Collection, Jammu. Digitized by eGangotri

ਜੋ ਨਾ ਚੇਤਰ ਰੁੱਤੇ ਖਿੜਿਆ
ਉਸ ਕੀ ਸਾਉਣ ਹੰਢਾਉਣਾ
ਜਿਸ ਨਾ ਰੰਗ ਪਛਾਣੇ ਉਸ ਦਾ
ਕੀ ਲਾਹੁਣਾ, ਕੀ ਪਾਉਣਾ
ਸੂਹਾ, ਨੀਲ, ਬਸੰਤੀ, ਸਾਵਾ
ਮਾਣੇ ਕੋਏ ਕੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ

ਕੱਦ ਸਿੱਪੀਆਂ ਦੇ ਮੂੰਹੀਂ ਡਿੱਗਣਾ
ਇਹ ਨਾ ਪੁੱਛੀਂ ਅੜਿਆ
ਉਸ ਦਿਨ ਤੈਨੂੰ ਚਾਨਣ ਹੋਣੈਂ
ਜਿਸ ਦਿਨ ਚਾਨਣ ਲੜਿਆ
ਜੋ ਵੀ ਆਪਣੀ ਹੋਂਦ ਸਿਹਾਣੇਂ
ਰੰਗ ਹੰਢਾਵੇ ਸੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ

•



CC-0. Sohail Kazmi Collection, Jammu. Digitized by eGangotri

# ਰਚੀ ਏ ਖੇਡ ਅਵੱਲੀ ਜਿਹੀ (ਕਾਫ਼ੀ)

(ਸ਼ਬਾਨਾ ਆਰਜ਼ੂ ਦੀ ਵੇਲ)

ਰਚੀ ਏ ਖੇਡ ਅਵੱਲੀ ਜਿਹੀ
ਅੱਖੀਆਂ ਲਾਵਣ ਨੂੰ ਪਈ ਤਰਸੇ
ਜਿੰਦੜੀ ਝੱਲੀ ਜਿਹੀ
ਰਚੀ ਏ ਖੇਡ ਅਵੱਲੀ ਜਿਹੀ

ਕਿਹੜੀ ਸ਼ੈਅ ਦੀ ਜੋਤ ਬਲੀ ਏ
ਧੁਰ ਅੰਦਰੂਨੇ ਤਾਈਂ
ਕਿਹੜੀ ਸ਼ੈਅ ਜੋ ਲਈ ਫਿਰਦੀ ਏ
ਥਾਂ ਥਾਂ ਚਾਈਂ ਚਾਈਂ

ਆਪੇ ਆਪਣੀ ਸਿਰਜਣ ਹਾਰੀ
ਕੱਲਮ 'ਕੱਲੀ ਜਿਹੀ
ਰਚੀ ਏ ਖੇਡ ਅਵੱਲੀ ਜਿਹੀ

ਖੇਡ ਅਜਾਇਬ ਰੰਗਾਂ ਵਾਲੀ
ਅਨਹੋਣੀ ਵਿੱਚ ਹੋਣੀ
ਤਨ ਮਨ ਸਾਰ ਉਸਾਰਨ ਕੀਤੇ
ਜੱਤ ਸੱਤ ਮਿੱਟੀ ਗੋਣੀ
ਨਫ਼ੀਆਂ ਤੇ ਅਸਬਾਤਾਂ ਵਾਲ਼ੀ
ਕਾਈ ਰੰਗ ਰੱਲੀ ਜਿਹੀ
ਰਚੀ ਏ ਖੇਡ ਅਵੱਲੀ ਜਿਹੀ

•



CC-0. Sohail Kazmi Collection, Jammu. Digitized by eGangotri

## ਨੀ ਅਲਬੇਲੀਏ
(ਜਸਪ੍ਰੀਤ ਮੰਡੇਰ ਦੇ ਨਾਂ)

ਕਿਹੜੇ ਦੇਸੋਂ ਆਈ ਏਂ... ਨੀ ਅਲਬੇਲੀਏ!
ਲੂੰ ਲੂੰ ਆਨ ਸਮਾਈ ਏਂ... ਨੀ ਅਲਬੇਲੀਏ!
ਤੂੰ ਕਿਹੜੇ ਦੇਸੋਂ ਆਈ ਏਂ

ਕੁਦਰਤ ਵਾਂਗੂੰ ਭੇਤ ਪਟਾਰੀ
ਇਸ਼ਕੇ ਵਾਂਗ ਸ਼ੁਦਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ

ਸਹਿਜ ਸਭਾਉਂ ਰਾਬਿਆ ਬਸਰੀ
ਸੱਸੀ ਦੀ ਦੁਹਰਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ

ਦਮ ਦਮ ਜ਼ਾਹਰ ਬਾਤਨ ਥੀਵੇਂ
ਕੇਹੀ ਛੂਹਣ ਛਪਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ

ਸੂਰਜ ਤੇਰਾ ਬਾਬਲ ਜਾਪੇ
ਚੰਨ ਚਰਖ਼ੇ ਦੀ ਮਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ



CC-0. Sohail Kazmi Collection, Jammu. Digitized by eGangotri

ਧਰਤ ਆਕਾਸ਼ੇ ਚੋਗ ਚੁਗੇਂਦੀ
ਮਨ ਗੁਟਕੂੰ ਗੁਟਕਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ

ਆਪੋ ਆਪ 'ਚ ਕੱਲਮ 'ਕੱਲੀ
ਆਪੇ ਕੁੱਲ ਖ਼ੁਦਾਈ ਏਂ
ਨੀ ਅਲਬੇਲੀਏ...
ਤੂੰ ਕਿਹੜੇ ਦੇਸੋਂ ਆਈ ਏਂ
•


CC-0. Sohail Kazmi Collection, Jammu. Digitized by eGangotri

## ਸਾਂਝ
(ਸ਼ਾਹ ਲਤੀਫ਼ ਭਟਾਈ ਦੀ ਵੇਲ)

ਕਣੀ ਕਣੀ ਪੰਜਾਬ ਦੀ
ਸਿੰਧ ਸਾਗਰ ਦੀ ਲੋਅ
ਆਖੇ ਸ਼ਾਹ ਲਤੀਫ਼ ਨੂੰ
ਇੱਕ ਮਿੱਕ ਰਹੀਏ ਹੋਅ

•



CC-0. Sohail Kazmi Collection, Jammu. Digitized by eGangotri

## ਜੀਵਨ ਕਿਹੜੇ ਕਾਰ

ਨਾ ਕੋਈ ਸੇਕ, ਨਾ ਠੰਢੀਆਂ ਹਾਵਾਂ
ਟੁਰੀਆਂ ਜਾਵਣ, ਰੁਕੀਆਂ ਸਾਹਵਾਂ
ਅੱਖੀਂ ਜੰਮੀਆਂ ਦਿਸ਼ਾ, ਦਿਸ਼ਾਵਾਂ
ਅੰਧ ਗ਼ੁਬਾਰ 'ਚ ਲੁਕੀਆਂ ਰਾਹਵਾਂ
ਰਾਹੀਂ ਬੈਠੇ ਚੋਰ
ਬਣ ਕੇ ਹੋਰ ਦੇ ਹੋਰ

ਨਾ ਕੋਈ ਯਾਦ ਨਾ ਚੇਤਾ ਭੁੱਲੇ
ਰੱਤੇ ਨੈਣੋਂ ਰੱਤ ਨਾ ਡੁੱਲ੍ਹੇ
ਸੀਨੇ ਸੁੰਜ ਦੇ ਝੱਖੜ ਝੁੱਲੇ
ਮੈਂ ਤੇ ਮੈਂ ਦਾ ਭੇਤ ਨਾ ਖੁੱਲ੍ਹੇ
ਲੰਘਦੀ ਸ਼ਾਮ ਸਵੇਰ
ਜਿੰਦੜੀ ਘੁੰਮਣ ਘੇਰ

ਨਾ ਕੋਈ ਦਿਲਬਰ, ਨਾ ਦਿਲਦਾਰੀ
ਮਰ ਮਰ ਮੁੱਕੇ ਦੁਨੀਆ ਸਾਰੀ
ਸੁਰਤਾਂ ਸਾਰ ਅਸੁਰਤੀ ਮਾਰੀ
ਮਿੱਟੀਓ ਮਿੱਟੀ ਪਾਉਂ ਪਸਾਰੀ
ਹੋਂਦੀ ਮਾਰੋ ਮਾਰ
ਜੀਵਨ ਕਿਹੜੇ ਕਾਰ!
ਜੀਵਨ ਕਿਹੜੇ ਕਾਰ!!

(ਅਮਰੀਕਾ ਦੇ ਅਫ਼ਗ਼ਾਨਿਸਤਾਨ ਤੇ ਹਮਲੇ ਵੇਲੇ)

•



CC-0. Sohail Kazmi Collection, Jammu. Digitized by eGangotri

## ਅੰਮ੍ਰਿਤਾ ਪ੍ਰੀਤਮ
(ਇਮਰੋਜ਼ ਦੀ ਵੇਲ)

ਅੰਮ੍ਰਿਤ ਬੋਲ ਪ੍ਰੀਤਾਂ ਵਾਲੇ
ਜੀਵਨ ਦੀ ਕਨਸੋਅ
ਮੁੱਖੜਾ ਨੂਰ ਹਯਾਤੀ ਵਾਲਾ
ਨੈਣਾਂ ਦੇ ਵਿੱਚ ਲੋਅ
ਇੱਕ ਇੱਕ ਰੰਗ ਮੁਹੱਬਤ ਭਰਿਆ
ਹਿਰਦੇ ਰਿਹਾ ਸਮੋਅ
ਜਿੰਦ ਨਿਆਰੀ ਸੁਖ਼ਨਾਂ ਹਾਰੀ
ਵਿਰਲੀ ਵਿਰਲੀ ਕੋਅ
ਸੱਚਲ ਪ੍ਰੇਮ ਅਨੋਖਾ ਮਿਲਿਆ
ਰੂਹ ਦਾ ਹਾਣੀ ਹੋ
ਆਪਣੇ ਆਪ ਨੂੰ ਆਪੇ ਤੱਕਿਆ
ਆਪਣੇ ਨਾਲ਼ ਖਲੋ

•



CC-0. Sohail Kazmi Collection, Jammu. Digitized by eGangotri

## ਬੋਲੀ

ਅਸਾਂ ਸੁਫ਼ਨੇ ਕਰਾਉਣੇ ਸਾਵੇ
ਤੂੰ ਰੁੱਤ ਲੈ ਕੇ ਆ ਜਾ ਬਾਲਮਾ

•

ਜਦ ਯਾਰ ਦੇ ਬੁਲ੍ਹਾਂ ਨੂੰ ਤੱਕਿਆ
ਤੇ ਅੱਖ 'ਚ ਗੁਲਾਬ ਖਿੜ ਪਏ

•

ਮਾਹੀ ਮੇਰਾ ਰੱਬ ਵਰਗਾ
ਸਹੁੰ ਰੱਬ ਦੀ ਝੂਠ ਨਹੀਂ ਕਹਿਣਾ

•



CC-0. Sohail Kazmi Collection, Jammu. Digitized by eGangotri

## ਆਪੋ ਆਪ...
(ਓਸ਼ੋ ਦੀ ਵੇਲ)

ਤਨਚਿੱਤ ਜੀਵ ਨਿਮਾਣ ਸੁਹਾਵਾ
ਮਨ ਹਸਤੀ ਵਿੱਚ ਖੇਲੇ

ਆਪੋ ਆਪ ਗਿਆਨ ਕਮਾਵਾ
ਮਨ ਮੌਜਾਂ ਦੇ ਮੇਲੇ

ਆਪੋ ਆਪਣੀ ਸਾਰ ਕੁਸਾਰੀ
ਨਾ ਕੋ ਗੁਰ ਨਾ ਚੇਲੇ

ਆਪੋ ਆਪਣੇ ਪੰਧ ਅਵੈੜੇ
ਢੂੰਡਣ ਰੋਹੀਆਂ ਬੇਲੇ

ਆਪੋ ਆਪਣੀ ਪ੍ਰੇਮ ਕਹਾਣੀ
ਆਪੋ ਆਪਣੇ ਵੇਲੇ

ਆਪੋ ਆਪਣੇ ਪੱਕ ਪਕਾਵੇ
ਓੜਕ ਥੀਨ ਝਮੇਲੇ

ਆਪੋ ਆਪਣਾ ਖੇਡ ਖਿਡਾਵਾ
ਹੋਰਾਂ ਨਾਲ਼ ਅਕੇਲੇ

•



CC-0. Sohail Kazmi Collection, Jammu. Digitized by eGangotri

## ਆ ਸੱਚੀਏ ! ਰਲ਼ ਗੱਲਾਂ ਕਰੀਏ

### (ਜਲ ਪਰੀ ਦੇ ਨਾਂ)

ਆ ਸੱਚੀਏ ! ਰਲ਼ ਗੱਲਾਂ ਕਰੀਏ
ਮਨ ਮਚੀਏ ! ਰਲ਼ ਗੱਲਾਂ ਕਰੀਏ
ਰੂਹ ਰਚੀਏ ! ਰਲ਼ ਗੱਲਾਂ ਕਰੀਏ
ਕਿਹੜੀ ਗੱਲ ?
ਲੱਲ ਵਲੱਲੀਆਂ ਗੱਲਾਂ ਵਿਚੋਂ
ਕਿਹੜੀ ਗੱਲ ?
ਅੰਦਰ ਵਗਦੇ ਝੱਲਾਂ ਵਿਚੋਂ
ਕਿਹੜੀ ਗੱਲ ?

ਜਨਮੋ ਜਨਮੀ ਖੇਡਣ ਵਾਲੀ ਰੂਹ ਦੀ ਗੱਲ
ਤੇਰੀ ਮੇਰੀ ਹਿੱਕ 'ਚ ਲੱਗੀ ਧੂਹ ਦੀ ਗੱਲ

ਗੱਲ, ਜੋ ਸਾਡੇ ਜੀਵਨ ਦਾ ਸਰਨਾਂ ਹੋਵੇ
ਰੂਹ ਦੇ ਵਿਹੜੇ ਉੱਗੇ ਰੁੱਖ ਦੀ ਛਾਂ ਹੋਵੇ
ਸੀਨੇ ਧੁਖਦੀ ਧੂਨੀ ਦਾ ਕੋਈ ਨਾਂ ਹੋਵੇ
ਮੁੱਕਦੇ ਜਾਂਦੇ ਸਾਹ ਨੂੰ ਸੁੱਖ ਸਨਾਹ ਹੋਵੇ
ਨਾਂਹ ਨਾਂਹ ਕਰਦੀ ਚੁੱਪ, ਸਦੀਵੀ ਹਾਂ ਹੋਵੇ
ਇੱਕ ਟੱਪਰੀ ਦਾ ਜੀਵਨ, ਧਰਤ ਗਰਾਂ ਹੋਵੇ

ਚੰਨ ਸੂਰਜ ਦੀ ਇੱਕ ਦੂਜੇ ਹੱਥ ਬਾਂਹ ਹੋਵੇ
ਜੰਮ ਜੰਮ ਲਾਈਏ ਤਾਰੀ, ਇਸ਼ਕ ਝਨਾਂ ਹੋਵੇ
ਇਸ਼ਕ ਅਸਾਡੇ ਜੀਵਨ ਦਾ ਸਰਨਾਂ ਹੋਵੇ
ਆ ਸੱਚੀਏ ਰਲ਼ ਗੱਲਾਂ ਕਰੀਏ
ਮਨ ਮਚੀਏ ਰਲ਼ ਗੱਲਾਂ ਕਰੀਏ
ਆ ਜੀਵਨ ਦਾ ਲੇਖਾ ਭਰੀਏ

•



CC-0. Sohail Kazmi Collection, Jammu. Digitized by eGangotri

## ਖ਼ਿਆਲ

ਰੱਤ ਵੀ ਸੁੰਨੀ
ਮੱਤ ਵੀ ਸੁੰਨੀ
ਲੇਖਾ ਸੁੰਨੀ ਰੁੱਤ ਦਾ
ਖ਼ਾਲੀ ਝੇੜਾ ਬੁੱਤ ਦਾ

•



CC-0. Sohail Kazmi Collection, Jammu. Digitized by eGangotri

# ਦੀਵਾ ਬਲੇ ਉਜਾੜੀਂ

(ਸਈਦ ਭੁੱਟਾ ਲਈ)

ਚੰਨ ਝਨਾਉਂ ਸਿੰਜਿਆ
ਦਿਲ ਦਰਦਾਂ ਦਾ ਹੋਕਾ
ਸਾਂਦਲ ਬਾਰ ਝਰੋਖਾ

ਸੁਰਤ ਸਿਆਣ ਅਗੇਰੜੀ
ਸੱਚ ਸਿਉਂ ਜੋ ਰੰਗੀ
ਬਾਤ ਸੁਣੀਂਦੀ ਚੰਗੀ

ਚਿਤ ਚਲੰਤ ਉਚੇਰੜੀ
ਸੇਕ ਵਗੇਂਦਾਏ ਨਾੜੀਂ
ਦੀਵਾ ਬਲੇ ਉਜਾੜੀਂ

•


CC-0. Sohail Kazmi Collection, Jammu. Digitized by eGangotri

## ਤ੍ਰੈਲੇ

(1)
ਜੰਗਲ ਬੇਲਾ, ਔਖਾ ਵੇਲਾ
ਜਿੰਦ ਪਹਾੜੋਂ ਪਾਰ
ਰਾਹ ਦੱਸੀਂ ਓ ਯਾਰ

(2)
ਅਗਲਾ ਪਿਛਲਾ ਕੁੱਛੜ ਚਾਇਆ
ਹਾਲ ਵੰਜਾਇਆ ਨੱਸ
ਵਸ ਥੀਆ ਬੇ ਵੱਸ

(3)
ਮੁਢ ਕਦੀਮੀ ਸ਼ੋਰ ਸਿਆਪਾ
ਕੰਨੀਂ ਉਂਗਲਾਂ ਪਈਆਂ
ਚਿੱਤ ਨਾ ਸਾਰਾਂ ਲਈਆਂ

•



CC-0. Sohail Kazmi Collection, Jammu. Digitized by eGangotri

## ਦੋਹਾ

ਇਸ਼ਕ ਅਸਾਡੀ ਹਸਤੀ ਵਸਤੀ
ਏਹਾ ਕਰੀਏ ਜਾਪ
ਇਸ਼ਕ ਹੋਏ ਤਾਂ ਪੁੰਨ ਲੱਗਦਾ ਏ
ਇਸ਼ਕ ਨਹੀਂ ਤਾਂ ਪਾਪ

•



CC-0. Sohail Kazmi Collection, Jammu. Digitized by eGangotri

# ੳ ਸਾਂਵਲ

(ਜਸਪ੍ਰੀਤ ਦੇ ਨਾਂ)

ਗਾਵੇ ਜੱਸ ਪ੍ਰੇਮ ਦਾ
ਨਾਮ ਤੇਰੇ ਦਾ ਸਾਹ
ੳ ਸਾਂਵਲ
ਸਾਹੀਂ ਘੋਲ ਘੁਮਾ

ਤੈਨੂੰ ਧਰਤ ਆਕਾਸ਼ ਹੈ
ਦੋ ਕਰਮਾਂ ਦਾ ਰਾਹ
ੳ ਸਾਂਵਲ !
ਰਾਹੀਂ ਧੁਮ ਧੁਮਾ

ਸਾਰੀ ਕੁੰਜ ਉਤਾਰ ਕੇ
ਆ ਸੀਨੇ ਲੱਗ ਜਾ
ੳ ਸਾਂਵਲ
ਬਾਹੀਂ ਹੁੰਮ ਹੁਮਾ

•



CC-0. Sohail Kazmi Collection, Jammu. Digitized by eGangotri

## ਜਲ ਪਰੀ ਦੇ ਨਾਂ

ਜਿੰਦੜੀ ਬੈਠੀ ਚਾਕ 'ਤੇ
ਦਿਲ ਦੀ ਮਿੱਟੀ ਗੋਅ
ਪੋਰਾਂ ਵਿਚੋਂ ਸਿੰਮਦੀ
ਸਾਹਵਾਂ ਦੀ ਖ਼ੁਸ਼ਬੋ
ਰਾਤਾਂ ਖੇਡਣ ਹਾਰੀਆਂ
ਨੈਣ ਕਰੇਂਦੇ ਲੋਅ

ਪੀਵਣ ਤੇਰੇ ਹੰਝ ਦਾ
ਰੁੱਖ ਨੂੰ ਪਾਣੀ ਵਾਂਗ
ਤੇਰੇ ਮੇਰੇ ਇਸ਼ਕ ਦੀ
ਧੁਰੋਂ ਭਰੀਜੀ ਮਾਂਗ

•



CC-0. Sohail Kazmi Collection, Jammu. Digitized by eGangotri

## ਕਾਫ਼ੀ

(ਅੰਮ੍ਰਿਤਾ ਪ੍ਰੀਤਮ ਦੀ ਵੇਲ)

ਇਸ਼ਕਾ ! ਤੇਰੇ ਪੰਧ ਅਜਾਇਬ
ਅਕਲੋਂ ਫ਼ਿਕਰੋਂ ਬਾਹਰ
"ਮੈਂ ਨਾਹੀਂ ਸਭ ਤੂੰ" ਤੋਂ ਪਹਿਲਾਂ
ਮੁੱਕਦੀ ਨਹੀਂ ਤਕਰਾਰ
ਧੜਕਣ ਦੇ ਵਿੱਚ ਧੁੜਕੂ ਬੋਲੇ
"ਲੰਘਣਾ ਕਿਤ ਗੁਣ ਪਾਰ"
ਤੇਰੇ ਕਾਰਨ ਮੈਂ ਸਿਰ ਚਾਇਆ
ਆਪਣੀ ਸਿੱਕ ਦਾ ਭਾਰ
ਚਾਰ ਦਿਨਾਂ ਦੀ ਖਿੱਚੋਤਾਣੀ
ਨਾ ਜਿੱਤਣ ਨਾ ਹਾਰ

•



CC-0. Sohail Kazmi Collection, Jammu. Digitized by eGangotri

# ਚੰਦਰੀ ਰੁੱਤ ਦਾ ਗੌਣ
(ਤੀਜੀ ਦੁਨੀਆ ਦੇ ਨਾਂ)

ਰੁੱਖਾਂ ਦੇ ਪਰਛਾਵੇਂ ਕੰਬਣ,
ਧਰਤੀ ਠੰਡੀ ਠਾਰ
ਸਿਖ਼ਰ ਦੁਪਹਿਰੇ, ਰਾਤ ਦੇ ਪਹਿਰੇ,
ਪੱਤਝੜ ਜਿਹੀ ਬਹਾਰ
ਕੂੰਜਾਂ ਦੀ ਥਾਂ ਅੰਬਰਾਂ ਉੱਤੇ,
ਗਿਰਝਾਂ ਬੰਨ੍ਹੀ ਡਾਰ
ਰੂਹ ਦੀ ਧੂਣੀ ਮਿਰਚਾਂ ਧੂੜੇ,
ਨਿੱਤ ਹੋਣੀ ਦੀ ਵਾਰ
ਵੇਲੇ ਦੀ ਕੰਧ ਹੇਠਾਂ ਆ ਗਏ,
ਜੀਵਨ ਦੇ ਦਿਨ ਚਾਰ
ਘਾਟੇ ਵਾਧੇ ਖਾਂਦਾ ਜਾਵੇ,
ਇਸ਼ਕੇ ਦਾ ਬਿਉਪਾਰ
ਘੁੱਟ ਘੁੱਟ ਕੱਚੀਆਂ ਗੰਢਾਂ ਲਾਵਣ,
ਰੁੱਤਾਂ ਵਰਗੇ ਯਾਰ
ਪੰਖਾਂ ਬਾਝ ਪਖੇਰੂ ਖੇਡਣ
'ਨਵੀਉਂ ਨਵੀਂ ਬਹਾਰ'
'ਜੋ ਆਹਾ, ਸੋ ਆਹਾ' ਲੋਕਾ
ਅੰਦਰੋਂ ਆਈਏ ਬਾਹਰ

•


CC-0. Sohail Kazmi Collection, Jammu. Digitized by eGangotri

## ਇਸ਼ਕ

ਦਿਲ ਦੀ ਮੈਲ ਉਤਾਰਦਾ
ਇਸ ਘੜੇ ਦਾ ਪਾਣੀ
ਇਸ਼ਕ ਅੱਲ੍ਹਾ ਦਾ ਹਾਣੀ

•



CC-0. Sohail Kazmi Collection, Jammu. Digitized by eGangotri

## ਨਜ਼ਮ

ਸਾਹ ਇੱਕ ਹਉਕੇ ਦੇ ਘਰ ਜਾਇਆ
ਹਉਕੇ ਨੂੰ ਸੁੱਖ ਸਾਹ ਨਾ ਆਇਆ
ਤੁਬਕੇ ਵਿੱਚ ਸਮੁੰਦਰ ਭਰਿਆ
ਤੁਬਕਾ ਜੀਵਨ ਦਾ ਤ੍ਰਿਹਾਇਆ
ਜੀਵਨ ਦੀ ਸਿੱਕ ਉਮਰਾਂ ਵਰਗੀ
ਵੇਲਾ ਹੱਥ ਨਾ ਆਇਆ
ਚਿੱਤ ਅਣਭੋਲ ਭੁਲੇਖੇ ਭਰਿਆ
ਡਰ ਡਰ ਪੈਰ ਟਿਕਾਇਆ
ਟੁਰਦੇ ਟੁਰਦੇ ਉਮਰਾ ਬੀਤੀ
ਰਾਹ ਦਾ ਭੇਤ ਨਾ ਪਾਇਆ

•


CC-0. Sohail Kazmi Collection, Jammu. Digitized by eGangotri

## ਅੰਗ ਦਾ ਸੇਕ ਸਿਆਪਾ ਨਾਹੀਂ

ਅੰਗ ਦਾ ਸੇਕ ਸਿਆਪਾ ਨਾਹੀਂ,
ਅੰਗ ਨਾਲ਼ ਅੰਗ ਮਿਲਾਉ
ਅੱਖ ਵਿੱਚ ਰੜਕ ਪਏ ਤਾਂ,
ਨਿੱਤਰੇ ਯਾਰ ਦੀ ਜਿਭ ਛੁਹਾਉ,
ਘੋਰ ਸਮੁੰਦਰੀ ਰਾਤਾਂ ਦੇ ਸਿਰ,
ਚੰਨ ਖਿੜਾਵਨ ਜਾਉ
ਜੀਵਨ ਰੇਖ ਮੁਰਾਦਾਂ ਵਾਲੀ,
ਹੱਥੀਂ ਆਪ ਬਣਾਉ

•



CC-0. Sohail Kazmi Collection, Jammu. Digitized by eGangotri

## ਵੇਲੇ ਦੀ ਵਾਰ (1)

### (ਮੀਏਂ ਕਮਾਲ ਤੇ ਭਾਈ ਗੁਰਦਾਸ ਜੀ ਦੀ ਵੇਲ)

ਕੌਣ ਕਰੇ ਨਿਰਵਾਰ, ਹਯਾਤੀ ਡੱਕੋ ਡੋਲੇ
ਡਾਵਾਂ ਡੋਲ ਆਸਾਰ, ਜੀਵਣਾ ਬਣਿਆ ਖੋਲੇ

ਪਿੱਛਲ ਪੈਰੀ ਸਾਰ, ਅਚੇਤੀ ਵਧ ਕੇ ਬੋਲੇ
ਸਗਵੇਂ ਕੂੜ ਵਿਹਾਰ, ਸਮੇ ਰੰਗ ਰੱਤੇ ਚੋਲੇ
ਕਰਨੀ ਦੇ ਕਰਤਾਰ, ਸਾਦੜੇ ਬੀਬੇ ਭੋਲੇ
ਭਰਨੀ ਦੇ ਅਗਵਾਰ, ਬਾਦਸ਼ਾਹ, ਰਾਣੀ, ਗੋਲੇ
ਧਰਮਾਂ ਦੀ ਭਰਮਾਰ, ਕਣੀਂ ਨੂੰ ਕੀਕਣ ਫੋਲੇ
ਇੱਕ ਦੀ ਕੀਤੀ ਕਾਰ, ਕਈਂ ਦੇ ਨਾਵੇਂ ਬੋਲੇ
ਕੁਦਰਤ ਦੀ ਇੱਕਸਾਰ ਕਦੀ ਨਾ ਹਟਵਾਂ ਤੋਲੇ
ਚਿੱਤ ਟੁੱਟੀ ਇੱਕ ਤਾਰ, ਮਿਲੇ ਨਾ ਯਾਰ ਗੰਢੋਲੇ
ਸੁਖਨਾਂ ਦੇ ਹਟਿਆਰ, ਵਗੇਂਦੇ ਛੁਰੀਆਂ ਓਹਲੇ
ਉਮਰਾਂ ਜੇਡੇ ਭਾਰ, ਕਦੀਂ ਹਨ ਪੋਲ ਪਟੋਲੇ
ਕੂੜੋ ਕੂੜ ਅਖ਼ਬਾਰ, ਲਖੀਵਣ ਹੁਕਮੀਂ ਢੋਲੇ
ਮਾਰੂ ਥਈ ਸਰਕਾਰ, ਨਿਮਾਣਾ ਤਣੀਆਂ ਝੋਲੇ
ਪੀਹ ਕੱਟਣ ਪਰਿਵਾਰ, ਚਿਰੋਕੇ ਸੁੰਝ ਭੜੋਲੇ
ਧੁਰੋਂ ਲਿਖਾਈ ਹਾਰ, ਤੇ ਸੱਧਰ ਖਿੱਦੂ ਫੋਲੇ
ਰੂਹ ਦੇ ਹੋਣ ਵਪਾਰ ਤੇ ਸੁਫ਼ਨੇ ਮਿਧ ਮਧੋਲੇ
ਸਾਹਵਾਂ ਨੂੰ ਲੰਗਾਰ, ਦਿਲੋਂ ਨੂੰ ਪੈ ਗਏ ਝੋਲੇ
ਹਉਕੇ ਭਰਦੀ ਨਾਰ, ਜਣੇਂ ਪਏ ਗਾਵਣ ਸੋਹਲੇ
.ਸਾਂਵਲ ਹੱਥ ਮੁਹਾਰ, ਤੇ ਡਾਚੀ ਰੋਹੀ ਰੋਲੇ



CC-0. Sohail Kazmi Collection, Jammu. Digitized by eGangotri

ਦਰਿਆਵਾਂ ਜਿਹੇ ਯਾਰ, ਟੁਰੀਂਦੇ ਮਾਰ ਘਚੋਲੇ
ਝਬਦੇ ਲੰਘਣ ਪਾਰ, ਜਿਨ੍ਹਾਂ ਦੇ ਸ਼ਹੁ ਰੰਗੋਲੇ
ਸਾਈਂ ਦੇ ਦਰਬਾਰ, ਤੇ ਜਿੰਦੜੀ ਸੱਥਰ ਟੋਲੇ
ਬੈਠੇ ਪਾਉਂ ਪਸਾਰ, ਤੇ ਸਾਹ ਹਨ ਉਡਣ ਖਟੋਲੇ

ਚਾਨਣ ਦੇ ਅਸਵਾਰ, ਟੁਰੋਂ ਜੇ ਪੋਲੇ ਪੋਲੇ
(ਟੁਰਦੀ)

•



CC-0. Sohail Kazmi Collection, Jammu. Digitized by eGangotri

## ਆਪਣੇ ਮਲਬੇ ਹੇਠ

ਪੱਲੇ ਕੱਖ ਦੀ ਕਾਰ ਨਹੀਂ
ਬਣ ਬਣ ਬੈਠੇ ਸੇਠ
ਆਪਣੇ ਮਲਬੇ ਹੇਠ

•


CC-0. Sohail Kazmi Collection, Jammu. Digitized by eGangotri

## ਸੱਜਣ ਯਾਰ ਉਡੀਕਦਾ

ਬੰਦਾ ਅਕਲਾਂ ਫ਼ਿਕਰਾਂ ਪਾਰੋਂ ਚੀਕਦਾ
ਲਿਖਿਆ ਪੜ੍ਹਿਆ, ਝੇੜਾ ਪਿਆ ਵਧੀਕ ਦਾ
ਪ੍ਰੇਮ ਕਹਾਣੀ ਪਾਗਲਪਨ ਉਲੀਕਦਾ
ਮੈਂ ਵਿੱਚ ਮੈਨੂੰ ਸੱਜਣ ਯਾਰ ਉਡੀਕਦਾ

•



CC-0. Sohail Kazmi Collection, Jammu. Digitized by eGangotri

## ਲਾਰੈਂਸ ਬਾਗ਼ 'ਚ ਇੱਕ ਸ਼ਾਮੀਂ

ਚੰਨ ਦੀ ਆਪਣੀ ਬੇਪਰਵਾਹੀ
ਸੂਰਜ ਆਪਣੇ ਕੰਮੀਂ
ਜੀਵਨ ਜੋਗਾ ਦਿਨ ਨਹੀਂ ਦਿਸਦਾ
ਰਾਤ ਕੁਲਹਿਣੀ ਲੰਮੀਂ
ਰੂਹ ਦੀ ਭਟਕਣ ਮੋੜ ਘੇੜ ਕੇ
ਸੁੱਟੇ ਵਿੱਚ ਪਤਾਲਾਂ
ਅੱਖ ਦੀ ਸੱਖਣੀ ਝੋਲੀ ਦੇ ਵਿਚ
ਜੰਮ ਗਈਆਂ ਤਰਕਾਲਾਂ

•



CC-0. Sohail Kazmi Collection, Jammu. Digitized by eGangotri

## ਲੋਕ

ਨੈਣੀਂ ਜੋਤ ਸੁਹਾਵੜੀ, ਬਲੇ ਮਸ਼ਾਲਾਂ ਹਾਰ
ਦਰਸ਼ਨ ਕੀਤੇ ਯਾਰ ਦੇ, ਜਿਉ ਪਈ ਸਾਂਦਲ ਬਾਰ

•



CC-0. Sohail Kazmi Collection, Jammu. Digitized by eGangotri

## ਵਾਰਤਾ
(ਪੰਜਾਬ ਦੀ ਵੰਡ ਦੇ ਦੁਖਾਂਤ ਤੋਂ ਟੁਰੀ ਨਜ਼ਮ)

ਸਾਡੇ ਬਾਬੇ ਲੀਕਾਂ ਚੁਮੀਆਂ, ਸਾਨੂੰ ਮੱਤ ਕੀ ਆਉਣੀ
ਅੰਗ ਲਮਕਣ ਨੰਗੀ ਤਾਰ 'ਤੇ, ਵਿੱਚ ਰੱਤ ਕੀ ਆਉਣੀ
ਅਸੀਂ ਝੂਠੋਂ ਝੂਠੀ ਖੇਡ ਕੇ, ਇੱਕ ਸੱਚ ਬਣਾਇਆ
ਫਿਰ ਉਸ ਨੂੰ ਧਰਮੀ ਲਹਿਰ ਦਾ, ਇੱਕ ਤੜਕਾ ਲਾਇਆ
ਅਸੀਂ ਪਾਕ ਪਲੀਤੇ ਪਾਣੀਆਂ ਵਿੱਚ ਰਿੱਝਦੇ ਜਾਈਏ
ਯਾਂ ਹੱਸੀਏ ਘੂਰੀ ਵੱਟ ਕੇ, ਯਾਂ ਖਿਝਦੇ ਜਾਈਏ
ਕੋਈ ਨੇਜ਼ੇ ਉੱਤੇ ਸੱਚ ਵੀ, ਇਥੇ ਨਹੀਂ ਪਚਨਾ
ਭਾਵੇਂ ਈਸਾ ਮੁੜ ਕੇ ਆ ਜਾਏ, ਇਥੇ ਨਹੀਂ ਬਚਣਾ
ਅਸੀਂ ਅੱਖਾਂ ਮਲ ਮਲ ਵੇਖੀਏ, ਕੀ ਖੇਡਾਂ ਹੋਈਆਂ
ਕਿਤੇ ਸ਼ੇਰਾਂ ਵਰਗੇ ਸੂਰਮੇ, ਅੱਜ ਭੇਡਾਂ ਹੋਈਆਂ
ਚੰਗਾ ਈ ਸੀ ਪੁੱਤਰਾ! ਜੇ ਦੇਸ 'ਚ ਰਹਿੰਦੇ
ਸਾਨੂੰ ਆਣ ਅੰਗਰੇਜ਼ਾਂ ਰੋਲ਼ਿਆ, ਸਾਡੇ ਬਾਬੇ ਕਹਿੰਦੇ
ਸਾਨੂੰ ਸੱਜਾ ਹੱਥ ਵਿਖਾ ਕੇ ਮਾਰੀ ਸੂ ਖੱਬੀ
ਅਸੀਂ ਜੰਨਤ ਵੱਲ ਨੂੰ ਨੱਠ ਪਏ ਤੇ ਦੋਜ਼ਖ਼ ਲੱਭੀ
ਅਸੀਂ ਜੁਤੇ ਵਿੱਚ ਪੰਜਾਲੀਆਂ, ਹਲ਼ ਬਣ ਗਏ ਫਾਹੀਆਂ
ਅਸੀਂ ਖੇਤਾਂ ਵਿੱਚ ਈ ਬੀਜੀਆਂ, ਕਈ ਸਾਲ, ਛਮਾਹੀਆਂ
ਅਸੀਂ ਵਿਲਕੇ ਰੋਏ ਭੁੱਖ ਤੋਂ, ਸਾਹ ਟੁੱਟਣ ਲੱਗ ਪਏ
ਫਿਰ ਲੱਤਾਂ ਕੱਢੀਆਂ ਚੌਧਰੀ, ਅਸੀਂ ਘੁੱਟਣ ਲੱਗ ਪਏ
ਨਹੀਂ ਖਾਣ ਪੀਣ ਨੂੰ ਲੱਭਦਾ, ਸਾਡੇ ਘਰ ਵਿੱਚ ਸਾਇਆ
ਅਖ਼ੇ ਬੋਤਲ 'ਚੋਂ ਨਹੀਂ ਪੀਵਣਾ, ਇਹ ਦਮ ਕਰਵਾਇਆ
ਅਸੀਂ ਛਿਟੀ ਚਿਰਾਵਨ ਲੈ ਗਏ, ਕਿੰਜ ਬੂਹਾ ਨਿਕਲੇ
ਜਿਉਂ ਬੀਨ ਵਜਾਈਏ ਰੁੱਡ 'ਤੇ ਤਾਂ ਚੂਹਾ ਨਿਕਲੇ
ਗਏ ਵੱਡੇ ਬਾਹਰ ਵਲੈਤ 'ਚੋਂ, ਸ਼ਾਹੂਕਾਰ ਲਿਆਏ



CC-0. Sohail Kazmi Collection, Jammu. Digitized by eGangotri

ਸਾਡੀ ਖੜੀ ਕਪਾਹ ਨੂੰ ਵੇਚਿਆ, ਅਸੀਂ ਮੰਗ ਕੇ ਪਾਏ
ਜਦ ਸ਼ੀਸ਼ੇ ਮੂਹਰੇ ਆ ਗਏ, ਬਣ ਅਫ਼ਲਾਤੂਨੀ
ਤਦ ਸ਼ਕਲਾਂ ਦਿਸੀਆਂ ਕਾਲੀਆਂ, ਹੱਥ ਖ਼ੂਨੋ ਖ਼ੂਨੀ
ਅਸੀਂ ਖੜੇ ਖਲੋਤੇ ਕੰਬ ਗਏ, ਪਰਛਾਵੇਂ ਬਦਲੇ
ਸਾਡੇ ਆਪਣਿਆਂ ਪਟਵਾਰੀਆਂ, ਸਾਡੇ ਨਾਵੇਂ ਬਦਲੇ
ਸਾਨੂੰ ਸੁਰਤ ਨਾ ਆਈ ਹੋਵੰਦੇ, ਕਿੰਜ ਘਾਟੇ ਵਾਧੇ
ਅਸੀਂ ਬਾਂਦਰ ਕਿੱਲਾ ਖੇਡਿਆ ਤੇ ਛਿੱਤਰ ਖਾਧੇ
ਸਾਨੂੰ ਟੁੱਕ ਦਾ ਫਾਹਾ ਲੈ ਗਿਆ ਸੀ ਮਿੱਲਾਂ ਵੱਲੇ
ਦੋ ਮਾਲਕ ਜੁੜ ਕੇ ਬਹਿ ਗਏ ਅਸੀਂ ਲੱਖਾਂ 'ਕੱਲੇ
ਸਾਡਾ ਗੰਨਾ ਮਿੱਲ ਨੇ ਪੀੜਿਆ, ਰਹੁ ਰੱਤੀ ਨਿਕਲੀ
ਉਸ ਰੱਤ 'ਚੋਂ ਪੱਗਾਂ ਵਾਲਿਆਂ ਦੀ, ਪੱਤੀ ਨਿਕਲੀ
ਅਸੀਂ ਮੀਂਹ ਤੋਂ ਕਣਕਾਂ ਸਾਂਭੀਆਂ, ਸਾਨੂੰ ਚੌਧਰ ਪੈ ਗਈ
ਸਾਡਾ ਮਿੱਟੀ ਵਿੱਚ ਮੂੰਹ ਤੁੰਨ ਕੇ, ਸਾਡੇ ਸਿਰ 'ਤੇ ਬਹਿ ਗਈ
ਕੀ ਦੱਸਾਂ ਸਾਹ ਦੀ ਮੰਡੀਏ, ਕਿੰਜ ਮੰਦਾ ਹੁੰਦਾ
ਮੈਂ ਰੱਬ ਨਾਲ਼ ਦੁੱਖੜੇ ਫੋਲਦਾ ਜੇ ਬੰਦਾ ਹੁੰਦਾ

(ਟੁਰਦੀ)

•



CC-0. Sohail Kazmi Collection, Jammu. Digitized by eGangotri

## ਨਜ਼ਮ
(ਸ਼ਕੂਰ ਰਾਣਾ ਦੀ ਵੇਲ)

'ਪੰਜੇ ਮਹਿਲ ਪੰਜਾਂ ਵਿੱਚ ਚਾਨਣ'
ਬਾਹਰ ਹਨੇਰਾ ਵੱਸੇ
ਅਕਲਾਂ, ਸ਼ਕਲਾਂ, ਫ਼ਿਕਰਾਂ ਉੱਤੇ
ਚਾਰ ਚੁਫ਼ੇਰਾ ਹੱਸੇ
ਆਪਣੇ ਆਪ ਤੋਂ ਪਿੱਛੇ ਵੇਖੇ
ਅੱਗੇ ਲੱਗ ਕੇ ਨੱਸੇ
ਨੈਣੀਂ ਘੋਲ ਸਮੁੰਦਰ ਪੀਤੇ
ਮੁੜ ਤੱਸੇ ਦੇ ਤੱਸੇ
ਬਾਹਰੋ ਬਾਹਰ ਹਯਾਤੀ ਮੋਈ
ਕੌਣ ਅੰਦਰ ਦੀ ਦੱਸੇ!

•


CC-0. Sohail Kazmi Collection, Jammu. Digitized by eGangotri

## ਗ਼ਜ਼ਲ

ਮੈਨੂੰ 'ਕੱਲਾ ਹੋਣ ਦੇ
ਅੱਲ੍ਹਾ ਈ ਅੱਲ੍ਹਾ ਹੋਣ ਦੇ

ਸਿਰ ਪੈਰਾਂ ਤੋਂ ਵਾਰ ਦੇ
ਦਿਲ ਨੂੰ ਝੱਲਾ ਹੋਣ ਦੇ

ਰਾਮ ਗੁਰੂ ਰੱਬ 'ਕੱਠਿਆਂ
ਖ਼ੈਰੀਂ ਸੱਲਾ ਹੋਣ ਦੇ

ਅੰਦਰ ਸੱਚ ਸੰਭਾਲ ਜੀ
ਬਾਹਰ ਨਗੱਲਾ ਹੋਣ ਦੇ

ਮਸਤੀ ਵੰਡ ਧਮਾਲ ਦੀ
ਰੂਪ ਸਵੱਲਾ ਹੋਣ ਦੇ

ਹੋਣ ਮਿਲੇ ਅਣ ਹੋਏ ਕੇ
ਨਾ ਕਰ ਮੱਲਾ, ਹੋਣ ਦੇ

ਸੁਖ਼ਨ ਸਲਾਮਤ ਰਹਿਣ ਦੇ
ਖ਼ਾਲੀ ਪੱਲਾ ਹੋਣ ਦੇ

•



CC-0. Sohail Kazmi Collection, Jammu. Digitized by eGangotri

## ਨਜ਼ਮ

ਸਾਹ ਦਾ ਹਾਅ ਦੀ ਜੂਨੇ ਆਣਾ
ਸਾਹ ਉਮਰਾਂ ਦਾ ਭੁੱਖਣ ਭਾਣਾ
ਸਾਹ ਦਾ ਕੇਹਾ ਕਹਿਣ ਕਹਾਣਾ
ਜਿਉਂ ਕਮੀਆਂ ਦਾ ਪੁੱਤ ਨਿਮਾਣਾ
ਪਿਛਲੇ ਅੰਦਰ, ਬੂਹਾ ਢੋਅ ਕੇ
ਜੰਮਣ ਵਾਲੀ ਮਾਂ ਨੂੰ ਰੋ ਕੇ
ਮੇਲਾ ਵੇਖਣ ਜਾਵੇ
ਪਰਤ ਘਰੀਂ ਨਾ ਆਵੇ

•


CC-0. Sohail Kazmi Collection, Jammu. Digitized by eGangotri

## ਸ਼ਲੋਕ

ਘੋਰ ਹਨੇਰਾ ਦੁਨੀ ਦਾ, ਸਾਂਸ ਲਿਆ ਨਾ ਜਾਇ
ਪ੍ਰੇਮ ਜਗਾਵੇ ਬਾਤੀਆਂ ਇੱਕੋ ਇੱਕ ਉਪਾਇ

•

ਜਨਮ ਕਹਾਣੀ ਖੇਡ ਹੈ, ਖੇਡਣ ਬੀਚ ਸਮੰਦ
ਬੀਚੋ ਬੀਚ ਪ੍ਰੇਮ ਹੈ, ਛੋੜੇ ਤੀਰ ਕਮੰਦ

•

ਸਾਂਸ ਸਹੇੜੇ ਬਿਰਹੜਾ, ਲੈ ਸਾਜਨ ਕਾ ਨਾਮ
ਬਿਰਹਾ ਬੀਚ ਵਿਸਾਲ ਹੈ, ਵਿਰਲਾ ਮਿਲੇ ਤਮਾਮ

•



CC-0. Sohail Kazmi Collection, Jammu. Digitized by eGangotri

## ਅੱਕ ਸਵਾਦੀ ਲੱਗੇ

ਸਈਓ ਨੀ!
ਮੈਨੂੰ ਅੱਕ ਸਵਾਦੀ ਲੱਗੇ
ਪੀੜਾਂ ਹੇਠ ਹੰਡਾਵਾਂ ਜਿੰਦੜੀ
ਸਾਹਵਾਂ ਦੇ ਵਿੱਚ ਖੱਗੇ*
ਸਈਓ ਨੀ!
ਮੈਨੂੰ ਅੱਕ ਸਵਾਦੀ ਲੱਗੇ

ਚੇਤਰ ਮਾਹੀਂ ਸੱਜਰੀ ਵਾਅ ਨਾਲ਼
ਖਿੜਨ ਫੁੱਲਾਂ ਦੇ ਡੋਡੇ
ਮੈਂ ਕਬਰਾਂ ਵੱਲ ਟੁਰਦੀ ਜਾਵਾਂ
ਲਾ ਹਿਜਰਾਂ ਨੂੰ ਮੋਢੇ
ਸਾਹੋਂ ਟੁਰ ਕੰਡਿਆਲੀਆਂ ਚੀਕਾਂ
ਆ ਰੁਕੀਆਂ ਸ਼ਾਹ ਰਗੇ
ਸਈਓ ਨੀ!
ਮੈਨੂੰ ਅੱਕ ਸਵਾਦੀ ਲੱਗੇ

ਮੇਰੀ ਅੱਥਰੀ ਆਸ ਤੇ ਸੌਂ ਗਈ
ਰਾਤ ਹਟਕੋਰੇ ਭਰਦੀ
ਉਸੇ ਰਾਤ ਇੱਕ ਘੁੱਗੀ ਮਰ ਗਈ
ਪਾਲੇ ਦੇ ਵਿੱਚ ਠਰਦੀ
ਟੀਸਾਂ ਵਾਲੀ ਲਹਿਰ ਨੇ ਕੀਤੇ
ਫੁੱਲਾਂ ਦੇ ਰੰਗ ਬੱਗੇ
ਸਈਓ ਨੀ
ਮੈਨੂੰ ਅੱਕ ਸਵਾਦੀ ਲੱਗੇ


CC-0. Sohail Kazmi Collection, Jammu. Digitized by eGangotri

ਸਾਹਵਾਂ ਪੱਲੇ ਦੁੱਖ ਚਿੰਤਾ ਦੇ
ਹੰਝ ਸਲੂਣੇ ਰਿੱਧੇ
ਜੇ ਕੋਈ ਦੁੱਖਦੀ ਰਗ ਨੂੰ ਛੇੜੇ
ਹੱਸ ਹੱਸ ਪਾਵਾਂ ਗਿੱਧੇ
ਹੱਥ ਦੇ ਛੱਲੇ ਦੇਵਾਂ ਜੇਕਰ
ਸੁੱਖ ਦਾ ਦੀਵਾ ਜੱਗੇ

•

*ਸ਼ਹਿਦ ਦੀਆਂ ਮੱਖੀਆਂ ਨਾਲ਼ ਭਰਿਆ ਛੱਤਾ



CC-0. Sohail Kazmi Collection, Jammu. Digitized by eGangotri

## ਉਜੜੀ ਝੋਕ ਵਸਾ

ਉਜੜੀ ਝੋਕ ਵਸਾ
ਸਾਈਂ!
ਸਾਡੀ ਉਜੜੀ ਝੋਕ ਵਸਾ
ਪਈ ਬਲਦੀ ਹਰ ਥਾਂ ਭਾ
ਸਾਈਂ!
ਸਾਡੀ ਉਜੜੀ ਝੋਕ ਵਸਾ

ਅਸੀਂ ਲੱਖਾਂ ਏਕੜ ਬੀਜੀਏ
ਸਾਡਾ ਫਿਰ ਵੀ ਮੰਦਾ ਹਾਲ
ਸਾਡੀ ਮੱਝੀਂ ਬਾਦੀ ਹੋ ਗਈ
ਸਾਡੇ ਵਿੱਚ ਭੜੋਲੇ ਕਾਲ

ਸਾਡੇ ਵਿਹੜੇ ਸੁੰਨੇ ਹੋ ਗਏ
ਹਰ ਪਾਸੇ ਉਗਿਆ ਘਾਹ
ਸਾਈਂ!
ਸਾਡੀ ਉੱਜੜੀ ਝੋਕ ਵਸਾ

ਅਸੀਂ ਵਿੱਚ ਖ਼ਲਾਵਾਂ ਵੱਸੀਏ
ਤੇ ਲੋਭਾਂ ਸਾਡਾ ਦੇਸ਼
ਅਸੀਂ ਆਪੋ ਆਪ ਤਾਂ ਮੰਗਤੇ
ਬਾਹਰ ਖੜੇ ਦਰਵੇਸ਼


CC-0. Sohail Kazmi Collection, Jammu. Digitized by eGangotri

ਅਸੀਂ ਅੱਖੀਂ ਮੱਖੀ ਵੇਖ ਕੇ
ਚੁੱਪ ਕਰ ਕੇ ਲਈਏ ਖਾ
ਸਾਈਂ
ਸਾਡੀ ਉਜੜੀ ਝੋਕ ਵਸਾ
ਪਈ ਬਲਦੀ ਹਰ ਥਾਂ ਭਾ
•



CC-0. Sohail Kazmi Collection, Jammu. Digitized by eGangotri

# ਯਾਰ ਪ੍ਰਾਹੁਣੇ

ਯਾਰ ਪ੍ਰਾਹੁਣੇ ਆ ਗਏ
ਲੈ ਪਿੰਡ 'ਚ ਘੁੰਮੇ
ਜਿੰਦੋ ਨਾਲ਼ ਸ਼ਰੀਕੜਾ
ਘਰ ਪੱਕੇ ਤੁਮੇ
ਜਿਹਨਾਂ ਉੱਤੇ ਤਿਊੜੀਆਂ
ਉਹ ਮੱਥੇ ਚੁੰਮੇ
ਅਜ਼ਲੋਂ ਬੰਦੀਵਾਨ ਹਾਂ
ਇਹੀ ਚਰਚੇ ਧੁੰਮੇ

ਰੱਤਾਂ ਪੀਵਣ ਵਾਲੜੇ
ਅੱਜ ਮੋਹਰੀ ਹੋ ਗਏ
ਰਾਤੀਂ ਨੀਂਦ ਉਨੀਂਦਰਾ
ਸਾਹ ਚੋਰੀ ਹੋ ਗਏ
ਰਾਜਾ ਮਾਰੀਂ ਨ੍ਹੇਰਨੇ
ਦਿਲ ਭੌਰੀ ਹੋ ਗਏ
ਸੱਜਣ ਹਾਣੀ ਰੋਗ ਦੇ
ਅੱਖੀਆਂ ਦੇ ਫੋੜੇ
ਮੈਂ ! ਸਮਿਆਂ ਤੇਰੀ ਗੱਲ ਤੋਂ
ਕੁਝ ਅੱਖਰ ਤੋੜੇ
ਇਹ ਸੱਜਣ ਸਾਹਵਾਂ ਵਾਂਗ ਨੇ
ਹੁਣ ਕਿਹੜਾ ਮੋੜੇ
ਵੇਲਾ ਮਾਰੇ ਸੈਨਤਾਂ
ਦਿਨ ਰਹਿ ਗਏ ਥੋੜੇ

•


CC-0. Sohail Kazmi Collection, Jammu. Digitized by eGangotri

## ਹੋਣੀਏਂ ਮਨ ਮੋਹਣੀਏਂ

(ਸਈਅਦ ਅਜ਼ੀਮ ਦੀ ਵੇਲ)

ਹੋਣੀਏਂ, ਮਨ ਮੋਹਣੀਏਂ
ਉਮਰਾਂ ਦੇ ਧੋਣੇ ਧੋਣੀਏਂ
ਤੇਰੇ ਸਦਕੇ ਜਾਵਾਂ
ਸਾਨੂੰ ਜੰਮਣੋਂ ਵਧ ਕੇ
ਕੀ ਹੋਰ ਸਜ਼ਾਵਾਂ
ਹਰ ਕਿੱਕਰ ਦੀ ਸੂਲ 'ਤੇ
ਸਾਡਾ ਸਿਰਨਾਵਾਂ
ਹੁਣ ਤੇ ਐਵੇਂ ਹੱਸ ਕੇ
ਤੈਨੂੰ ਮਗਰੋਂ ਲਾਹਵਾਂ
ਹੋਣੀਏਂ, ਮਨ ਮੋਹਣੀਏਂ
ਤੇਰੇ ਸਦਕੇ ਜਾਵਾਂ

ਹੋਣੀਏਂ, ਮਨ ਮੋਹਣੀਏਂ
ਉਮਰਾਂ ਦੇ ਧੋਣੇ ਧੋਣੀਏਂ
ਚੱਲ ਅੱਗੇ ਅੱਗੇ
ਆਉਂਦੇ ਨਿੱਤ ਭੁਚਾਲ ਨੀ
ਸਾਡੀ ਇੱਕ ਇੱਕ ਰਗੇ
ਸਾਡੀਆਂ ਨਾੜਾਂ ਨਾਲ਼
ਖੂਹਾਂ ਨੂੰ ਜਾਲਾ ਲੱਗੇ
ਸਾਡੀਆਂ ਸੋਚਾਂ ਨਾਲ਼
ਸਮੇਂ ਦੇ ਧੌਲੇ ਬੱਗੇ
ਹੋਣੀਏਂ, ਮਨ ਮੋਹਣੀਏਂ
ਚੱਲ ਅੱਗੇ ਅੱਗੇ



CC-0. Sohail Kazmi Collection, Jammu. Digitized by eGangotri

ਹੋਣੀਏਂ, ਮਨ ਮੋਹਣੀਏਂ
ਉਮਰਾਂ ਦੇ ਧੋਣੇ ਧੋਣੀਏਂ
ਆ ਲਾਈਏ ਗੋਤੇ
ਜੀਵਨ ਦੇ ਕਾਲੇ ਪਾਣੀਆਂ
ਅਸੀਂ ਬਾਣੇ ਧੋਤੇ
ਵਹਿਸ਼ਤ ਤੇ ਤਰਥੱਲੀਆਂ
ਹਥ ਜੋੜ ਖਲੋਤੇ
ਵੇਲੇ ਦੇ ਨਮਰੂਦ* ਨੂੰ
ਅੱਜ ਲਾਉਣਾ ਜੋਤੇ
ਹੋਣੀਏਂ, ਮਨ ਮੋਹਣੀਏਂ
ਆ ਲਾਈਏ ਗ਼ੋਤੇ

ਹੋਣੀਏਂ, ਮਨ ਮੋਹਣੀਏਂ
ਉਮਰਾਂ ਦੇ ਧੋਣੇ ਧੋਣੀਏਂ
ਲੱਖ ਬਣ ਜਾ ਕਹਿਰਾਂ
ਸਾਡੇ ਲਈ ਰੁਸ਼ਨਾਈਆਂ
ਮਿਰਗੀ ਦੀਆਂ ਲਹਿਰਾਂ
ਅਸੀਂ ਮਿੱਠੇ ਸ਼ਹਿਦ ਵਜੂਦ ਵਿਚ
ਭਰ ਲਈਆਂ ਜ਼ਹਿਰਾਂ
ਦਿਲ ਆਖੇ ਸੱਪ ਦੀ ਰੁੱਡ ਵਿਚ
ਜਾ ਜਾ ਕੇ ਠਹਿਰਾਂ
ਹੋਣੀਏਂ, ਮਨ ਮੋਹਨੀਏਂ
ਲੱਖ ਬਣ ਜਾ ਕਹਿਰਾਂ

ਹੋਣੀਏਂ, ਮਨ ਮੋਹਣੀਏਂ
ਉਮਰਾਂ ਦੇ ਧੋਣੇ ਧੋਣੀਏਂ
ਆ ਰਲ਼ ਕੇ ਬਹੀਏ



CC-0. Sohail Kazmi Collection, Jammu. Digitized by eGangotri

ਹੋਣੀ ਹੋਣੀ ਖੇਡ ਕੇ
ਇੱਕ ਮਿੱਕ ਹੋ ਰਹੀਏ
ਅਤੇ ਜੱਗ ਨੂੰ ਹੱਸਦਾ ਛੱਡ ਕੇ
ਕਬਰਾਂ ਵਿੱਚ ਲਈਏ
ਤੇ ਰਲ਼ ਦੋਵੇਂ ਅਨਹੋਣੀਆਂ
ਨਿੱਤ ਹੋਣਾ ਸਹੀਏ
ਹੋਣੀਏਂ, ਮਨ ਮੋਹਣੀਏਂ
ਆ ਰਲ਼ ਕੇ ਬਹੀਏ
ਹੋਣੀਏਂ, ਮਨ ਮੋਹਣੀਏਂ
ਤੇਰੇ ਸਦਕੇ ਜਾਵਾਂ

•

* ਇਸਲਾਮੀ ਤਵਾਰੀਖ਼ ਵਿੱਚ ਹਜ਼ਰਤ ਇਬਰਾਹੀਮ
ਦੇ ਵੇਲੇ ਦਾ ਮਸ਼ਹੂਰ ਬਾਦਸ਼ਾਹ ਨਮਰੂਦ
ਜੋ ਆਪਣੇ ਆਪ ਨੂੰ ਰੱਬ ਅਖਵਾਉਂਦਾ ਸੀ



CC-0. Sohail Kazmi Collection, Jammu. Digitized by eGangotri

# ਬਖ਼ਸ਼ੀਸ਼

ਚਮੜੀ ਜਿਵੇਂ ਤਿੜੀਆਂ ਚਿਪਰਾਂ
ਜਿਉਂ ਬੁੱਲ੍ਹਾਂ 'ਤੇ ਸੋਕਾ
ਦੋ ਨੈਣਾਂ ਦੇ ਖੋਹੋਂ ਭਰਿਆ
ਖਾਰੇ ਲਹੂ ਦਾ ਬੋਕਾ
ਮੈਨੂੰ ਡੰਗ ਕੇ ਲਾਲ ਗੁਲਾਬੀ
ਹੋ ਗਏ ਕਾਲੇ ਸ਼ੀਸ਼
ਮੈਨੂੰ ਅਪਣਾ ਜੀਵਨ ਜਾਪੇ
ਯਾਰਾਂ ਦੀ ਬਖ਼ਸ਼ੀਸ਼

•



CC-0. Sohail Kazmi Collection, Jammu. Digitized by eGangotri

## ਸਾਵਣ ਮਾਹ ਤ੍ਰਿਹਾਏ

(ਸ਼ਫ਼ਕਤ ਤਨਵੀਰ ਮਿਰਜ਼ਾ ਦੀ ਵੇਲ)

ਸਾਵਣ ਮਾਹ ਤ੍ਰਿਹਾਏ
ਸੱਜਣ ! ਅਸੀਂ ਸਾਵਣ ਮਾਹ ਤ੍ਰਿਹਾਏ

ਧਰਤੀ ਦੇ ਪਿੰਡੇ 'ਤੇ ਪਾਣੀ
ਅੰਦਰੋਂ ਸੇਕ ਨਾ ਜਾਏ
ਸਾਵਣ ਮਾਹ ਤ੍ਰਿਹਾਏ
ਸੱਜਣ ! ਅਸੀਂ ਸਾਵਣ ਮਾਹ ਤ੍ਰਿਹਾਏ

ਜੇਠ ਹਾੜ ਦੀ ਅੰਨ੍ਹੀ ਧੁੱਪੇ
ਨਿੱਤ ਸਾਵਣ ਦੇ ਚਾਅ
ਮੀਂਹ ਮੰਗੀਏ ਤੇ ਹੜ੍ਹ ਆ ਜਾਵੇ
ਕਰੀਏ ਅੰਤ ਉਪਾਅ
ਇਸ ਰੁੱਤੇ ਵੀ ਬੁੱਲ੍ਹਾਂ ਉੱਤੇ
ਪਿਪੜੀ ਜੰਮਦੀ ਜਾਏ
ਸਾਵਣ ਮਾਹ ਤ੍ਰਿਹਾਏ
ਸੱਜਣ ! ਅਸੀਂ ਸਾਵਣ ਮਾਹ ਤ੍ਰਿਹਾਏ

ਹਉਕੇ ਵਰਗਾ ਜੀਵਨ ਬੀਤੇ
ਹੱਥਾਂ ਨੂੰ ਹੱਥ ਖਾਵੇ
ਰੁੱਖਾਂ ਦੀ ਜੜ੍ਹ ਮੁੱਢੋਂ ਪੁੱਟੀ
ਕੀ ਕੋਈ ਪੀਂਘ ਚੜ੍ਹਾਵੇ



CC-0. Sohail Kazmi Collection, Jammu. Digitized by eGangotri

ਸਾਹਵਾਂ ਦੇ ਵਿੱਚ ਹੁਮ ਹੁਮਾ ਕੇ
ਹੁੱਸੜ ਆਏ ਜਾਏ
ਸਾਵਣ ਮਾਹ ਤ੍ਰਿਹਾਏ
ਸੱਜਣ ! ਅਸੀਂ ਸਾਵਣ ਮਾਹ ਤ੍ਰਿਹਾਏ

•


CC-0. Sohail Kazmi Collection, Jammu. Digitized by eGangotri

## ਧਰਤੀ ਨਾਲ਼ ਵਿਆਹੀ

### ਨੂਰੀ ਦੇ ਨਾਂ

ਧਰਤੀ ਨਾਲ਼ ਵਿਆਹੀ
ਸਖੀ ! ਮੈਂ ਧਰਤੀ ਨਾਲ਼ ਵਿਆਹੀ
ਕੰਤ ਮੇਰਾ ਏ ਰੁੱਖ ਕਿੱਕਰ ਦਾ
ਨਣਦਾਂ ਸਰ੍ਹੋਂ ਫਲਾਹੀ

ਵੰਨ ਸੁਵੰਨੇ ਫੁੱਲ ਖ਼ੁਸ਼ਬੋਈ
ਮੇਰੀ ਕੁੱਖ 'ਚੋਂ ਫੁੱਟੇ
ਜ਼ਹਿਰੀ ਮਹਿਕ ਜਿਹਨਾਂ ਦੀ ਸਈਓ
ਸਾਹਵਾਂ ਦਾ ਗਲ਼ ਘੁੱਟੇ
ਇੰਜ ਲੱਗਦਾ ਜਿਉਂ ਜੰਮਦੇ ਸਾਰ ਈ
ਫਿਰ ਗਈ ਲੇਖ ਸਿਆਹੀ
ਧਰਤੀ ਨਾਲ਼ ਵਿਆਹੀ
ਸਖੀ ! ਮੈਂ ਧਰਤੀ ਨਾਲ਼ ਵਿਆਹੀ

ਸੌਕਣ ਦਰਦੀ ਰੇਤ ਥਲਾਂ ਦੀ
ਮੇਰੇ ਵਾਲ ਸ਼ਿੰਗਾਰੇ
ਦਿਉਰਾਂ ਵਰਗਾ ਹੜ੍ਹ ਸਾਉਣੀ ਦਾ
ਨੈਣ ਕਰੇਂਦਾ ਖਾਰੇ

ਰੋਜ਼ ਪੱਤਣ 'ਤੇ ਮਿਹਣੇ ਮਾਰਨ
ਆਉਂਦੇ ਜਾਂਦੇ ਰਾਹੀ
ਧਰਤੀ ਨਾਲ਼ ਵਿਆਹੀ
ਸਖੀ ! ਮੈਂ ਧਰਤੀ ਨਾਲ਼ ਵਿਆਹੀ

•



CC-0. Sohail Kazmi Collection, Jammu. Digitized by eGangotri

# ਯਾਰਾਂ ਵਾਲੀ ਵਾਅ

ਯਾਰਾਂ ਵਾਲੀ ਵਾਅ ਦੀ ਅੱਗ ਵੀ
ਸੀਨੇ ਵਰ੍ਹਦੀ ਜਾਏ
ਅੱਖੀਂ ਲੋਭ ਸਮੇਂ ਦਾ ਪਾਲਾ
ਰੂਹ ਜਿਉਂ ਠਰਦੀ ਜਾਏ

ਸੱਜਣ ਵਾਅ ਦਾ ਵਰ੍ਹ ਜਾਣਾ ਵੀ
ਰਾਹ ਨਾ ਸਾਡੀ ਮੱਲੇ
ਸਾਹ ਦਾ ਸੇਕ ਸਲਾਮਤ ਸਾਡਾ
ਕਿਧਰੇ ਮਰ ਨਹੀਂ ਚੱਲੇ

ਕਾਹਦਾ ਮਾਣ ਹਵਾ 'ਤੇ ਕਰੀਏ
ਬੈਠ ਕਿਸੇ ਨਹੀਂ ਰਹਿਣਾ
ਅਸੀਂ ਤੇ ਅਪਣਾ ਜੀਵਨ ਜੀਣਾ
ਜਨਮ ਜਨਮ ਨੂੰ ਸਹਿਣਾ

•



CC-0. Sohail Kazmi Collection, Jammu. Digitized by eGangotri

## ਬੋਲੀ ਪੰਧ ਕਰੇਂਦੀ ਯਾਰ

ਇੱਕ ਤੰਦ ਸੂਰਜ ਦੀ
ਆ ਲੱਥੀ ਅੱਖ ਦੇ ਵਿਹੜੇ

♦

ਚੰਨ ਸੇਕ ਲੱਗਣ 'ਤੇ ਰੋਇਆ
ਲੋਗੜ ਬਣਦਾ ਰਿਹਾ

♦

ਪੂਣੀ ਚੰਨ ਦੀ ਬਣਾ ਕੇ ਅੱਖੀਆਂ
ਕੱਤ ਕੱਤ ਰੂਹ ਰੱਖ ਲਈ

♦

ਰੂਹ ਟੁਰ ਪਈ ਸਫ਼ਰ 'ਤੇ ਹੱਸਦੀ
ਮਾਪਿਆਂ ਦਾ ਘਰ ਭੁੱਲ ਗਈ

♦

ਰੂਹ ਖਸਮਾਂ ਲਿਤਾੜੀ ਐਸੀ
ਧੀਆਂ ਦੇ ਦਿਮਾਗ਼ ਹਿੱਲ ਗਏ

♦

ਪੁੱਤ ਜੰਮੇ ਜੀ ਧੀਆਂ ਨੇ ਐਸੇ
ਝਲਿਆਂ ਦੀ ਥੋੜ ਨਾ ਰਹੀ

♦



CC-0. Sohail Kazmi Collection, Jammu. Digitized by eGangotri

ਪਿਆ ਧਰਤੀ 'ਤੇ ਝੱਲ ਦਾ ਖਿਲਾਰਾ
ਅਕਲਾਂ ਨੂੰ ਰੋਣ ਆ ਗਿਆ
♦

ਰੋਈਆਂ ਅਕਲਾਂ ਬਣਾ ਕੇ ਸ਼ਕਲਾਂ
ਮੱਤ 'ਚ ਫ਼ਤੂਰ ਆ ਗਿਆ
♦

ਮੱਤ ਮਾਰ ਲਈ ਸਮੇਂ ਨੇ ਐਸੀ
ਹੱਸਣੇ ਦੀ ਵਿਹਲ ਨਾ ਰਹੀ
♦

ਜਿਹੜੇ ਹੱਸਦੇ ਉਹ ਅੱਖ ਵਿੱਚ ਵੱਸਦੇ
ਰੋਂਦਿਆਂ ਨੂੰ ਪੈਣ ਕੁੱਕਰੇ
♦

ਜਿਹਨਾਂ ਹਾਸਿਆਂ 'ਤੇ ਰੋਸਾ ਕੀਤਾ
ਉਹ ਟੁੱਕ ਟੁੱਕ ਖਾਣ ਉਂਗਲਾਂ
♦

ਅੱਖ ਨਾਲ਼ ਅੱਖ ਲੜ ਗਈ
ਸਾਡਾ ਮੁੱਕਿਆ ਅਜ਼ਲ ਦਾ ਝੇੜਾ
●


CC-0. Sohail Kazmi Collection, Jammu. Digitized by eGangotri

## ਗੌਣ

ਲੂੰ ਲੂੰ ਰਚਦਾ ਜਾਏ
ਸੱਜਣ ! ਸਾਡੇ ਲੂੰ ਲੂੰ ਰਚਦਾ ਜਾਏ
ਇਸ਼ਕ ਦਿਲੇ ਵਿੱਚ ਧੂਣੀ ਲਾਈ
ਭਾਂਬੜ ਮਚਦਾ ਜਾਏ
ਸੱਜਣ ! ਸਾਡੇ ਲੂੰ ਲੂੰ ਰਚਦਾ ਜਾਏ

ਨੈਣ ਸੱਜਣ ਦੇ ਤੇਜ਼ ਕਟਾਰਾਂ
ਹੱਲੀਆਂ ਸਾਡੇ ਦਿਲ ਦੀਆਂ ਤਾਰਾਂ
ਫੁੱਲਾਂ ਵਾਂਗੂੰ ਤਿਲ ਮੁੱਖੜੇ ਦਾ
ਨਜ਼ਰੀਂ ਜਚਦਾ ਜਾਏ.
ਸੱਜਣ ਸਾਡੇ ਲੂੰ ਲੂੰ ਰਚਦਾ ਜਾਏ

ਯਾਰ ਜਹਿਆ ਨਹੀਂ ਜੱਗ 'ਤੇ ਹੋਣਾ
ਉਹ ਹਰ ਸੋਹਣੇ ਤੋਂ ਵੱਧ ਸੋਹਣਾ
ਉਹਦੇ ਮੁੱਖ ਦੇ ਲਿਸ਼ਕਾਰੇ ਤੋਂ
ਹਰ ਕੋਈ ਬਚਦਾ ਜਾਏ.
ਸੱਜਣ ਸਾਡੇ ਲੂੰ ਲੂੰ ਰਚਦਾ ਜਾਏ

ਨਾਜ਼ੁਕ ਸ਼ੋਖ਼ ਅੰਦਾਜ਼ ਅਲਬੇਲੇ
ਅੰਗ ਅੰਗ ਦੇ ਵਿੱਚ ਮਸਤੀ ਖੇਲੇ
ਯਾਰ ਸੱਜਣ ਦੀ ਚਾਲ ਹੈ ਜਿਵੇਂ
ਮੋਰ ਇੱਕ ਨੱਚਦਾ ਜਾਏ.
ਸੱਜਣ ਸਾਡੇ ਲੂੰ ਲੂੰ ਰਚਦਾ ਜਾਏ

•



CC-0. Sohail Kazmi Collection, Jammu. Digitized by eGangotri

## ਗੌਣ

ਸ਼ੁੱਕਰ ਵੰਡਾਂ ਰੇ
ਮੇਰਾ ਪੀਆ ਮੋ ਸੇ ਮਿਲਣ ਆਇਉ
ਸ਼ੁੱਕਰ ਵੰਡਾਂ ਰੇ

ਖਿੜ ਖਿੜ ਹਾਸੀ, ਦੂਰ ਉਦਾਸੀ
ਚਾਨਣ ਪੀਵੇ ਜਿੰਦ ਪਿਆਸੀ
ਲੂੰ ਲੂੰ ਠੰਡਾਂ ਰੇ
ਮੇਰਾ ਪੀਆ ਮੋ ਸੇ ਮਿਲਣ ਆਇਉ
ਸ਼ੁੱਕਰ ਵੰਡਾਂ ਰੇ

ਹੁਲ ਹੁਲਾਰੇ, ਨੈਣਾਂ ਠਾਰੇ
ਹਸਤੀ ਮਸਤੀ ਰੰਗ ਉਤਾਰੇ
ਮੇਲ ਪ੍ਰੀਤਮ, ਕਮਲੀ ਕੀਤਮ
ਛਮ ਛਮ ਨਾਚੂੰ ਚੜ੍ਹ ਚੁਬਾਰੇ
ਜ਼ੁਲਫ਼ਾਂ ਛੰਡਾਂ ਰੇ
ਮੇਰਾ ਪੀਆ ਮੋ ਸੇ ਮਿਲਣ ਆਇਉ
ਸ਼ੁੱਕਰ ਵੰਡਾਂ ਰੇ

ਬੋਲ ਪੀਆ ਦੇ ਦਿੱਲੜੀ ਠੱਗਣ
ਅੰਧਿਆਰੇ ਮੇਂ ਦੀਵੇ ਜਗਨ
ਗੋਸ਼ੇ ਬੈਠ ਕਲੋਲਾਂ ਹੋਈਆਂ
ਅੰਗ ਅੰਗ ਮਿੱਠੀਆਂ ਲਹਿਰਾਂ ਵੱਗਣ
ਚੱਖੀਆਂ ਖੰਡਾਂ ਰੇ


CC-0. Sohail Kazmi Collection, Jammu. Digitized by eGangotri

ਮੇਰਾ ਪੀਆ ਮੋ ਸੇ ਮਿਲਣ ਆਇਉ
ਸ਼ੱਕਰ ਵੰਡਾਂ ਰੇ

ਮੇਲ ਵਿਛੋੜੇ ਦੇ ਘਰ ਢੁੱਕੇ
ਇੱਕ ਸੁੱਖ ਮਿਲਿਆ, ਸੌ ਦੁੱਖ ਮੁੱਕੇ
ਰੂਹ ਨੇ ਰੰਗ ਰੰਗੋਲੀ ਖੇਡੀ
ਖ਼ੁਸ਼ੀਆਂ ਦੇ ਰੁੱਗ ਭਰ ਭਰ ਚੁੱਕੇ
ਬੰਨ੍ਹੀਆਂ ਪੰਡਾਂ ਰੇ
ਮੇਰਾ ਪੀਆ ਮੋ ਸੇ ਮਿਲਣ ਆਇਉ
ਸ਼ੱਕਰ ਵੰਡਾਂ ਰੇ

•



CC-0. Sohail Kazmi Collection, Jammu. Digitized by eGangotri

# ਗੌਣ

ਛਲਕ ਛਲਕ ਗਈਆਂ ਅੱਖੀਆਂ
ਮਨ ਮਾਰੂ ਲੱਜ਼ਤਾਂ ਚੱਖੀਆਂ
ਛਲਕ ਛਲਕ ਗਈਆਂ ਅੱਖੀਆਂ

ਕੇਹੀ ਇਸ਼ਕੇ ਦੀ ਰੁੱਤ ਮਾਣੀ
ਕੂੜ ਕੁੜੱਤਣ ਰੂਹ ਦੇ ਹਾਣੀ
ਸਾਹਵਾਂ ਹੱਕੀਆਂ ਬੱਕੀਆਂ
ਛਲਕ ਛਲਕ ਗਈਆਂ ਅੱਖੀਆਂ

ਜੀਨ ਮਰਨ ਮਾਹੀ ਸੰਗ ਲਾ ਕੇ
ਹੱਥੀਂ ਆਪਣਾ ਆਪ ਮੁਕਾ ਕੇ
ਆਪੇ ਹੱਡੀਆਂ ਚੱਕੀਆਂ
ਛਲਕ ਛਲਕ ਗਈਆਂ ਅੱਖੀਆਂ

ਸੱਜਣ ਕਟਾਰੀ ਅੰਤਰ ਮਾਰੀ
ਤੜਪਤ ਤੜਪਤ ਗਿਰਿਆ ਜ਼ਾਰੀ
ਚੋਟਾਂ ਲੱਗੀਆਂ ਪਕੀਆਂ
ਛਲਕ ਛਲਕ ਗਈਆਂ ਅੱਖੀਆਂ

•



CC-0. Sohail Kazmi Collection, Jammu. Digitized by eGangotri

## ਗੌਣ
### ਕਾਇਨਾਤ ਦੇ ਨਾਂ

ਜਿੰਦ ਮੇਰੀਏ ਨੀ,
ਜਿੰਦ ਮੇਰੀਏ ਨੀ

ਕੋਈ ਕੀ ਜਾਣੇ ਦਿਲ ਦੀਆਂ ਲੱਗੀਆਂ
ਅੱਖੀਆਂ 'ਚੋਂ ਨਦੀਆਂ ਦਿਨ ਰਾਤ ਵਗੀਆਂ
ਲੰਮੀ ਉਦਾਸੀ ਜਿੰਦੜੀ ਪਿਆਸੀ
ਮੁਖ ਮੋੜ ਬੈਠੇ ਨੈਣਾਂ ਦੇ ਵਾਸੀ

ਜਿੰਦ ਮੇਰੀਏ ਨੀ,
ਜਿੰਦ ਮੇਰੀਏ ਨੀ

ਚਾਵਾਂ ਦੇ ਮੇਲੇ ਵਿੱਚ ਪੈ ਗਈਆਂ ਕਣੀਆਂ
ਦੁਨੀਆ ਕੀ ਜਾਣੇ ਸਾਡੇ ਦਿਲ 'ਤੇ ਕੀ ਬਣੀਆਂ
ਗਲੀਆਂ 'ਚੋਂ ਸਿੰਮਦੇ ਨੇਂ ਸਾਹਵਾਂ ਦੇ ਪਾਣੀ
ਲੰਮੀਆਂ ਜੁਦਾਈਆਂ ਦੇ ਗਏ ਉਮਰਾਂ ਦੇ ਹਾਣੀ
ਸੂਲੀ 'ਤੇ ਟੰਗੀਆਂ ਆਸਾਂ ਗੁਲਾਬੀ
ਹੰਝੂਆਂ ਨੇ ਕੀਤਾ ਖ਼ਾਕੀ ਤੋਂ ਆਬੀ

ਜਿੰਦ ਮੇਰੀਏ ਨੀ,
ਜਿੰਦ ਮੇਰੀਏ ਨੀ



CC-0. Sohail Kazmi Collection, Jammu. Digitized by eGangotri

ਕੰਨਾਂ 'ਚ ਗੂੰਜਦੀਆਂ ਚੱਪ ਦੀਆਂ ਚੀਕਾਂ
ਵਸਲਾਂ ਨੂੰ ਪੈ ਗਈਆਂ ਲੰਮੀਆਂ ਤਰੀਕਾਂ
ਕੰਧਾਂ 'ਤੇ ਮਾਰੀ ਜਾਵਾਂ, ਗਿਣ ਗਿਣ ਲੀਕਾਂ
ਆਪੇ ਮੈਨੂੰ ਆਪਣੀਆਂ ਲੱਗੀਆਂ ਉਡੀਕਾਂ

ਇੱਕੋ ਸਾਹੇ ਸਾਰੀ, ਜ਼ਿੰਦਗੀ ਗੁਜ਼ਾਰੀ
ਲੱਗਦੀ ਐ ਧਰਤੀ ਥਾਂ ਕੋਈ ਭਾਰੀ

ਜਿੰਦ ਮੇਰੀਏ ਨੀ,
ਜਿੰਦ ਮੇਰੀਏ ਨੀ

•


CC-0. Sohail Kazmi Collection, Jammu. Digitized by eGangotri

## ਟੱਪੇ

ਬਿਨ ਜਾਗ ਨਾ ਦਹੀਂ ਹੁੰਦੇ
ਜਿਹੋ ਜਿਹੇ ਦਿਸਣੇ ਆਂ,
ਅਸੀਂ ਉਹੋ ਜਿਹੇ ਨਹੀਂ ਹੁੰਦੇ

♦

ਗੱਲ ਗੱਲਾਂ ਵਿਚੋਂ ਚੁਣਿਆ ਕਰ
ਵੱਧ ਵੱਧ ਬੋਲਣਾ ਏਂ
ਕਦੇ ਚੁੱਪ ਨੂੰ ਵੀ ਸੁਣਿਆ ਕਰ

♦

ਵੰਝਲੀ ਦੇ ਸੁਰ ਛਿੜਦੇ
ਇੱਕ ਤੇਰੇ ਹੱਸਿਆਂ ਚੰਨਾ
ਬੇਮੌਸਮੇ ਫੁੱਲ ਖਿੜਦੇ

♦

ਗੱਲ ਮੁੱਕਦੀ ਮੁਕਾ ਛੋੜੀ
ਜ਼ਿੰਦਗੀ ਦੇ ਰੌਲ਼ਿਆਂ ਵਿੱਚ
ਅਸਾਂ ਮੌਤ ਗੁਆ ਛੋੜੀ

♦



CC-0. Sohail Kazmi Collection, Jammu. Digitized by eGangotri

ਸਾਰੀ ਉਮਰਾਂ ਦੀ ਟੌਹਰ ਹੋਵੇ
ਅਗਲੇ ਜਹਾਨ ਜਾਈਏ
ਸ਼ਾਲਾ ! ਉਥੇ ਵੀ ਲਹੌਰ ਹੋਵੇ

♦

ਬੰਦ ਇਸ਼ਕੇ ਦੀ ਤਾਕੀ ਏ
ਲਹੌਰ 'ਚ ਰਹਿਨੇ ਆਂ
ਅਜੇ ਜੰਮਣਾ ਬਾਕੀ ਏ

♦

ਕੋਈ ਘੁੱਟ ਕੇ ਦਿਲ ਫੜਿਆ
ਇਸ਼ਕੇ ਦੇ ਬੋਛਨ 'ਤੇ
ਬੇ ਰੰਗੀਆਂ ਦਾ ਰੰਗ ਚੜ੍ਹਿਆ

♦

ਇਸ਼ਕੇ ਦੀਆਂ ਫੰਡੀਆਂ ਨੀ
ਵਾਏ ਤੈਨੂੰ ਚੁੰਮ ਚੁੰਮ ਕੇ
ਪਈਆਂ ਬੁੱਲ੍ਹਾਂ ਉੱਤੇ ਚੰਡੀਆਂ ਨੀ

♦



CC-0. Sohail Kazmi Collection, Jammu. Digitized by eGangotri

ਕੋਈ ਸ਼ੌਂਕ ਸਵਾਦਾਂ ਦਾ
ਇਸ਼ਕੇ ਦੀ ਪੀਂਘ ਚੜ੍ਹੀ
ਰੰਗ ਉਡ ਗਿਆ ਸਾਧਾਂ ਦਾ
-o-

ਕੋਈ ਸਾਂਦਲ ਬਾਰ ਹੋਈ
ਜੰਮਦਿਆਂ ਸਾਰ ਸਈਓ
ਸਾਨੂੰ ਇਸ਼ਕੇ ਦੀ ਮਾਰ ਹੋਈ
-o-

ਉਂਝ ਰੱਬ ਦੀਆਂ ਰੱਬ ਜਾਣੇ
ਜਿੰਦ ਉਹਦੇ ਨਾਂ ਲਾਵਾਂ
ਜਿਹੜਾ ਰੱਬ ਦਾ ਸਬੱਬ ਜਾਣੇ
-o-



CC-0. Sohail Kazmi Collection, Jammu. Digitized by eGangotri

## ਸ਼ਾਲਾ !

**ਜ਼ੋਇਆ ਸਾਜਿਦ ਦੇ ਨਾਂ**

ਜਿੱਤ ਪੰਜਾਲੀ ਨਿੱਤ ਸੰਭਾਲੀ
ਹੋਰ ਨਾ ਚਿੱਤ ਨੂੰ ਲਾਵਾਂ
ਆਪਣੀ ਹਾਰ ਦਾ ਹਾਰ ਬਣਾ ਕੇ
ਝੂਮ ਗਲੇ ਵਿੱਚ ਪਾਵਾਂ
ਮੈਂ ਬਾਝੋਂ ਮੈਂ ਅੰਮ੍ਰਿਤ ਹੋਵਾਂ
ਸਭ ਦੀ ਪਿਆਸ ਬੁਝਾਵਾਂ
ਜੀਵਨ ਨੂੰ ਸੁੱਖ ਇਉਂ ਦੇਵਾਂ,
ਜਿਉਂ ਮਾਵਾਂ ਦੇਣ ਦੁਆਵਾਂ

•


CC-0. Sohail Kazmi Collection, Jammu. Digitized by eGangotri

## ਜਿੰਦੜੀਏ

ਜਿੰਦੜੀਏ!
ਆ ਖਿੜ ਖਿੜ ਰੋਈਏ
ਤੇ ਮਾਰ ਦੋਹੱਥੜ ਹੱਸੀਏ
ਏਹ ਜੀਵਨ ਨਹੀਂ ਸਾਡਾ ਜੀਵਨ
ਰੂਹ ਦੀ ਜੂਨੇ ਵੱਸੀਏ

ਬੀਨ ਵਜਾ ਓ ਜੋਗੀਆ
ਕਿਉਂ ਲਾਉਨਾ ਏਂ ਦੇਰ
ਸ਼ੂਕਣ ਸਾਹ ਸਪੋਲੀਏ
ਦਿਲ ਨੂੰ ਪੈ ਜਾਏ ਘੇਰ
ਭਰ ਜਾਂ ਨਾਲ਼ ਕੁੜੱਤਣਾਂ
ਜਿੰਦ ਨੂੰ ਆਖਾਂ ਫੇਰ
ਆਪਣੀ ਨਾਗਣ ਜਿਭ ਨੂੰ
ਅੱਖੀਏਂ ਦੇ ਵਿੱਚ ਫੇਰ

ਅਸੀਂ ਵੀ ਤੇਰੇ ਚੇਲੜੇ
ਗੁੱਗੇ ਪੀਰ ਨੂੰ ਦੱਸੀਏ
ਤੇ ਮਾਰ ਦੋਹੱਥੜ ਹੱਸੀਏ

ਉਮਰਾਂ ਜਿੰਨੇ ਪੰਧ ਨੇ
ਸਾਹਾਂ ਦੇ ਵਿਚਕਾਰ
ਕਦੀ ਤੇ ਆ ਕੇ ਸੂਰਜਾ
ਬਲਦਾ ਸੀਨਾ ਠਾਰ



CC-0. Sohail Kazmi Collection, Jammu. Digitized by eGangotri

ਅਖੀਂ ਸੁਰਮਾ ਜ਼ਹਿਰੀਆ
ਬੁੱਲ੍ਹੀਂ ਚੁੱਪ ਦਾ ਹਾਰ
ਸਮਿਆਂ ਜੀਵਨ ਜੋਗਿਆ
ਥਾਂਹ ਈ ਦਿੱਤੈ ਮਾਰ

ਲਾਸ਼ਾਂ ਜਿੰਦੇ ਵੈਰਨੇ
ਮੋਢੀ ਚੁੱਕ ਕੇ ਨੱਸੀਏ
ਤੇ ਮਾਰ ਦੋਹੱਥੜ ਹੱਸੀਏ

ਜਿੰਦੜੀਏ ! ਆ ਖਿੜ ਖਿੜ ਰੋਈਏ

•


CC-0. Sohail Kazmi Collection, Jammu. Digitized by eGangotri

## ਕਰਨੀ

ਅਸੀਂ ਮੂੰਹ 'ਤੇ ਜੀ ਜੀ ਆਖੀਏ
ਤੇ ਦਿਲ ਵਿੱਚ ਰੱਖੀਏ ਨਾਂਹ
ਅਸੀਂ ਪਹਿਲਾ ਅੱਗੇ ਪੁੱਟੀਏ
ਤੇ ਦੂਜਾ ਪੈਰ ਪਿਛਾਂਹ

•



CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri


ਪੰਜਾਬ ਦੀ ਕਲਾਸੀਕਲ ਸ਼ਾਇਰੀ ਦੀ ਰੀਤ ਅਜਿਹੀ ਹੈ ਕਿ ਸ਼ਾਇਰੀ ਆਪਣੇ ਤੱਤ-ਸੱਤ, ਅੰਦਰਲੇ ਗੁਣਾਂ ਤੇ ਕਲਾਕਾਰੀ ਦੇ ਸਦਕੇ ਜ਼ਿੰਦਾ ਰਹੀ ਹੈ। ਉਸਨੂੰ ਬਾਹਰਲੇ ਮਾਰਗਵੇਂ ਸਹਾਰਿਆਂ ਦੀ ਲੋੜ ਨਹੀਂ ਪਈ। 'ਨਾਲ਼ ਸੱਜਣ ਦੇ ਰਹੀਏ' ਦੀ ਸ਼ਾਇਰੀ ਇਸੇ ਰੀਤ ਵਿਚੋਂ ਪੁੱਟੀ ਹੈ। ਅਫ਼ਜ਼ਲ ਸਾਹਿਰ ਦੀ ਸ਼ਾਇਰੀ ਵਿੱਚ ਜਿਹੜੀ ਆਵਾਜ਼ ਸਾਨੂੰ ਸੁਣੀਦੀ ਹੈ ਉਹਦਾ ਰਸ ਕਦੀ ਸਮਾਜੀ ਹੈ ਕਦੀ ਵਜੂਦੀ। ਕਦੀ ਆਵਾਜ਼ ਨਿੱਜੀ, ਕਦੀ ਲੁਕਾਈ ਦੀ, ਕਿਧਰੇ ਕਿਧਰੇ ਸਾਰੇ ਰੰਗ ਰਲ਼ੇ ਮਿਲੇ ਹਨ।

*– ਮੁਸ਼ਤਾਕ ਸੂਫ਼ੀ*

ਅਫ਼ਜ਼ਲ ਸਾਹਿਰ ਸਾਡੀ ਨਵੀਂ ਪੀੜ੍ਹੀ ਦਾ ਉਹ ਸ਼ਾਇਰ ਹੈ ਜੋ ਨਵੇਂ ਤੇ ਪੁਰਾਣੇ ਵਿਚਕਾਰ ਵਿੱਥ ਪੂਰਦਾ ਦਿਸਦਾ ਹੈ। ਇਹਦੇ ਕੋਲ ਉਹ ਅੱਖਰ ਨੇ ਜੋ ਮਾਵਾਂ ਆਪਣੀ ਔਲਾਦ ਨੂੰ ਘਰੋਂ ਸਕੂਲ ਜਾਂਦਿਆਂ ਬਸਤੇ ਵਿਚ ਪਾ ਕੇ ਨਾਲ਼ ਦਿੰਦੀਆਂ ਨੇ। ਉਹ ਅੱਖਰਾਂ ਦੇ ਖਿੱਦੂ ਵਾਂਗ ਖੇਡਦਾ ਹੈ ਤੇ ਰੌਂਦ ਵੀ ਮਾਰਦਾ ਹੈ ਇਹਦੇ ਹਾਣੀ ਖਿਡਾਰੀ ਇਹਦੀ ਜਿੱਤ ਨੂੰ ਇਹਦੀ ਹਾਰ ਆਖਕੇ ਆਪਣੇ ਦਿਲ ਨੂੰ ਤਸੱਲੀ ਦੇ ਲੈਂਦੇ ਨੇ ਪਰ ਹੁੰਦਾ ਇਸ ਤੋਂ ਉਲਟ ਹੈ। ਜੇ ਮੈਂ ਆਖਾਂ ਕਿ ਅਫ਼ਜ਼ਲ ਸਾਹਿਰ ਦੀ ਬੋਲੀ ਨੂੰ ਇਹਦੇ 'ਪੇਂਡੂ' ਹੋਣ ਨੂੰ ਅਮੀਰ ਕੀਤਾ ਹੈ ਤਾਂ ਇਹ ਗੱਲ ਕੋਈ ਮਿਹਣਾ ਨਹੀਂ ਸਗੋਂ ਇਕ ਅਜਿਹਾ ਅਨੁਭਵ ਤੇ ਗੁਣ ਹੈ ਜੋ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ।

*– ਮਜ਼ਹਰ ਤਰਮਜ਼ੀ*

CC-0. Sohail Kazmi Collection, Jammu. Digitized by eGangotri



## ਸੁਲਤਾਨ ਬਾਹੂ ਦੀ ਹੂ

ਅਫ਼ਜ਼ਲ ਸਾਹਿਰ ਜਦੋਂ ਕਈ ਵਰ੍ਹੇ ਹੋਏ, ਮਿਲਿਆ ਤਾਂ ਇਕ ਸੂਫ਼ੀ ਦਰਵੇਸ਼ ਦੀ ਦੀਵਾਨਗੀ ਉਹਦੀ ਹਰ ਸਤਰ ਵਿਚ ਸੀ, ਸਤਰਾਂ ਵਿਚ ਸਮਾਂਦੀ ਨਹੀਂ ਸੀ, ਸਗੋਂ ਡੁੱਲ੍ਹ ਡੁੱਲ੍ਹ ਪੈਂਦੀ ਸੀ, ਤੇ ਉਹਦੇ ਅੰਦਰਲੇ ਨਾਲ਼ ਜੋ ਬੀਤਦੀ ਸੀ, ਉਹਦਾ ਸਾਇਆ ਉਹਦੇ ਚਿਹਰੇ ਉੱਤੇ ਮੰਡਰਾਂਦਾ ਸੀ... ਕਈ ਨਜ਼ਮਾਂ ਉਹਦੇ ਮੂੰਹੋਂ ਮੁੱਠੀ ਦੀ ਰੇਤ ਵਾਂਗੂੰ ਕਿਰਦੀਆਂ, ਪੂਰੀ ਕੋਈ ਨਾ, ਤੇ ਜੋ ਬੋਲਦਾ ਕਿਧਰੇ ਇਕ ਸੁਨਹਿਰੀ ਲੀਕ ਪਾਈ ਜਾਂਦਾ, ਖੌਰੇ ਧਰਤੀ 'ਤੇ, ਖੌਰੇ ਵ੍ਹਾਵਾਂ ਵਿੱਚ, ਖੌਰੇ ਬੱਦਲਾਂ ਵਿੱਚ, ਤੇ ਉਹ ਦਿਸਦੀ ਲੀਕ ਇਕ ਸ਼ਾਹਦੀ ਭਰਦੀ ਕਿ ਹੁਣੇ ਕੁੱਝ ਇਥੋਂ ਲੰਘਿਆ ਸੀ... ਪਹਿਲੀ ਮੁਲ਼ਾਕਾਤ ਵੇਲ਼ੇ ਜਦੋਂ ਮੈਂ ਉਹਦੇ ਲਈ ਲਿਖਿਆ, "ਅਫ਼ਜ਼ਲ ਸਾਹਿਰ ਦੇ ਅੰਦਰ ਸੁਲਤਾਨ ਬਾਹੂ, ਆਪਣੀ ਚੰਬੇ ਦੀ ਬੂਟੀ ਲਾ ਗਿਆ ਏ", ਤੇ "ਹਾਏ ਓ ਰੱਬਾ" ਕਹਿੰਦਿਆਂ ਉਸ ਕਾਗਜ਼ ਗਲ਼ ਨਾਲ਼ ਲਾ ਲਿਆ...

ਕਈ ਵਰ੍ਹਿਆਂ ਮਗਰੋਂ, ਮੁੜ ਕੇ ਉਹਦੀ 'ਵਾਜ਼ ਸੁਣੀ, ਕਾਗਜ਼ ਉੱਤੇ ਉੱਤਰੀ ਹੋਈ ਵੀ ਤੇ ਵ੍ਹਾਵਾਂ ਵਿੱਚ ਉੱਡਦੀ ਹੋਈ ਵੀ... ਜਾਪਿਆ... ਹੁਣ ਤਾਂ ਬਾਹੂ ਦੀ ਬੂਟੀ ਫੁੱਲਾਂ 'ਤੇ ਆ ਗਈ ਏ.... ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੁੱਲਾਂ 'ਤੇ ਆਈ ਹੂ.... ਢੱਲਦੇ ਸੂਰਜ ਦਾ ਵੇਲ਼ਾ, ਤੇ ਨਾਲ਼ ਹੀ ਮੇਰੀ ਜਿੰਦ ਢੋਲਦੀ ਜਾਏ, ਮੂੰਹੋਂ 'ਵਾਜ ਨਾ ਨਿਕਲੇ.... ਉਹ ਮੇਰੀ ਮੰਜੀ ਕੋਲ ਨਿਠ ਕੇ ਬਹਿ ਗਿਆ, ਬਾਰੀ ਨਾਲ਼ ਲੱਗ ਕੇ, ਬੋਲਿਆ, "ਬੀਬੂਆ! ਮੈਂ ਕੌਣ ਹਾਂ? ... ਬੱਸ ਇਹੀਓ ਲੱਭਦਾ ਫਿਰਨਾਂ... ਮੈਨੂੰ ਦੱਸੋ!" ਮੈਂ ਹੱਸ ਪਈ ਤੇ ਆਖਿਆ.... "ਤੂੰ ਆਪਣੇ ਸੁਲਤਾਨ ਬਾਹੂ ਦੀ ਹੂ ਏਂ, ਜੋ ਨਾਭੀ ਵਿੱਚੋਂ ਨਿਕਲਦੀ ਏ ਤੇ ਓਥੇ ਚਲੀ ਜਾਂਦੀ ਏ... ਜਿੱਥੇ ਹੱਦਾਂ ਨਾ ਬੰਨੇ ਜਿੱਥੇ ਵੇਲ਼ਾ ਕੋਈ ਨਾ, ਟਾਈਮਲੈਸਨੈੱਸ... ਜਿੱਥੇ ਸਾਰੀਆਂ ਹੱਦਾਂ ਮੁੱਕ ਜਾਂਦੀਆਂ ਨੇ.... ਕਿਹੜੀ ਸੀਮਾ ਤੇ ਕਿਹੜੀ ਸਰਹੱਦ? ਅਸੀਮ ਦੀ ਕੋਈ ਸੀਮਾ ਨਹੀਂ ਹੁੰਦੀ।

– ਅੰਮ੍ਰਿਤਾ ਪ੍ਰੀਤਮ


Chetna Parkashan
Punjabi Bhawan, Ludhiana-141001

ISBN 935112233-6
9 789351 122333


*Naal Sajjan De Rahiye*

₹ 150/-


Title: Sandeep Singh
Painting by: Sidharth


CC-0. Sohail Kazmi Collection, Jammu. Digitized by eGangotri